ਐਤਵਾਰ ਸਪੈਸ਼ਲ

dailylokbani

Email : lokbani08@gmail.com

ਰੋਜ਼ਾਨਾ ਲੋਕ ਬਾਣੀ ਸੱਚ ਤੇ ਨਿਡਰ ਆਵਾਜ਼

ਐਤਵਾਰ, 24 ਅਪ੍ਰੈਲ 2022

# ਗਰਮੀਆਂ ’ਚ ਪਿੱਤ ਤੋਂ ਛੁੱਟਕਾਰਾ ਪਾਉਣ ਲਈ ਘਰੇਲੂ ਉਪਾਅ



ਇਸ ਗੱਲ ਵਿਚ ਕੋਈ ਦੋ ਰਾਇ ਨਹੀਂ ਹਨ ਕਿ ਗਰਮੀਆਂ ਦੇ ਦਿਨ ਨੇੜੇ ਆਉਂਦੇ ਹੀ ਕਈ ਤਰ੍ਹਾਂ ਦੀਆਂ ਹੋਰ ਵੀ ਬਿਮਾਰੀਆਂ ਸਾਡੇ ਸਰੀਰ ਵਿਚ ਦਾਖ਼ਲ ਹੋਣ ਲਗਦੀਆਂ ਹਨ, ਜੋ ਥੋੜ੍ਹੀ ਜਿਹੀ ਲਾਪ੍ਰਵਾਹੀ ਕਰਨ ਨਾਲ ਹੀ ਸਾਡੇ ਲਈ ਨਾਸੂਰ ਬਣ ਜਾਂਦੀਆਂ ਹਨ। ਜੇ ਸਮਾਂ ਰਹਿੰਦੇ ਇਨ੍ਹਾਂ ਬਿਮਾਰੀਆਂ ਦਾ ਸਹੀ ਇਲਾਜ ਨਾ ਕੀਤਾ ਜਾਵੇ ਤਾਂ ਇਹ ਸਿਹਤ ਲਈ ਬੇਹੱਦ ਖ਼ਤਰਨਾਕ ਸਾਬਤ ਹੋ ਸਕਦੀਆਂ ਹਨ। ਇਸ ਵਿਸ਼ੇ @ਤੇ ਬਹੁਤੇ ਡਾਕਟਰਾਂ ਦਾ ਇਹੀ ਮੰਨਣਾ ਹੈ ਕਿ ਗਰਮੀਆਂ ਦੇ ਦਸਤਕ ਦਿੰਦੇ ਹੀ ਇਸ ਦੇ ਪ੍ਰਕੋਪ ਨਾਲ ਪੈਦਾ ਗਰਮੀ ਅਤੇ ਹੁੰਮਸ ਦੇ ਕਾਰਨ ਵਾਕਿਆ ਹੀ ਕਈ ਗੰਭੀਰ ਬਿਮਾਰੀਆਂ ਦਾ ਹੋਣਾ ਆਮ ਗੱਲ ਹੈ, ਕਿਉਂਕਿ ਇਨ੍ਹਾਂ ਬਿਮਾਰੀਆਂ ਦੇ ਹੋਣ ਦੀ ਸਭ ਤੋਂ ਵੱਡੀ ਵਜ੍ਹਾ ਦੂਸ਼ਿਤ ਖਾਣ-ਪੀਣ ਅਤੇ ਸਾਫ਼-ਸਫ਼ਾਈ @ਤੇ ਵਿਸ਼ੇਸ਼ ਧਿਆਨ ਨਾ ਦੇਣਾ ਹੁੰਦਾ ਹੈ। ਜੇ ਅਸੀਂ ਥੋੜ੍ਹੀ ਜਿਹੀ ਸਾਵਧਾਨੀ ਵਰਤਦੇ ਹੋਏ ਖਾਣ-ਪੀਣ ਦੀਆਂ ਚੀਜ਼ਾਂ @ਤੇ ਖਾਸ ਧਿਆਨ ਰੱਖਦੇ ਹਾਂ ਤਾਂ ਇਨ੍ਹਾਂ ਬਿਮਾਰੀਆਂ ਤੋਂ ਕਾਫੀ ਹੱਦ ਤੱਕ ਬਚਾਅ ਕੀਤਾ ਜਾ ਸਕਦਾ ਹੈ।

ਇਨ੍ਹਾਂ ਬਿਮਾਰੀਆਂ ਵਿਚੋਂ ਹੀ ਇਕ ਹੈ ਪਿੱਤ ਜੋ ਵਿਅਕਤੀ ਦੇ ਸਰੀਰ ਵਿਚ ਬਹੁਤ ਜ਼ਿਆਦਾ ਖੁਜਲੀ ਅਤੇ ਜਲਣ ਪੈਦਾ ਕਰਦੀ ਹੈ। ਝੁਲਸਦੀ ਅਤੇ ਕੜਕਦੀ ਧੁੱਪ ਦੇ ਮੌਸਮ ਭਾਵ ਗਰਮੀਆਂ ਦੇ ਦਿਨਾਂ ਵਿਚ ਇਹ ਪਿੱਤ ਸਭ ਤੋਂ ਵੱਧ ਗਰਦਨ, ਪੇਟ ਅਤੇ ਪਿੱਠ @ਤੇ ਦੇਖਣ ਨੂੰ ਮਿਲਦੀ ਹੈ। ਨਤੀਜੇ ਵਜੋਂ ਵਿਅਕਤੀ ਕੱਪੜਿਆਂ ਨੂੰ ਵੀ ਆਪਣੇ ਤਨ ਤੋਂ ਲਾਹ ਕੇ ਸੁੱਟਦਾ ਹੈ ਪਰ ਫਿਰ ਵੀ ਉਸ ਨੂੰ ਕਿਤੇ ਕੋਈ ਆਰਾਮ ਨਹੀਂ ਮਿਲਦਾ। ਅਜਿਹੇ ਬੁਰੇ ਸਮੇਂ ਵਿਚ ਜੇ ਤੁਸੀਂ ਤੁਰੰਤ ਆਰਾਮ ਪਾਉਣ ਦੇ ਅਤੀ ਇੱਛੁਕ ਹੋ ਤਾਂ ਹੇਠ ਲਿਖੇ ਘਰੇਲੂ ਨੁਸਖਿਆਂ ਨੂੰ ਅਮਲ ਵਿਚ ਲਿਆਓ ਤਾਂ ਯਕੀਨਨ ਪਿੱਤ ਦੇ ਦੁੱਖਾਂ ਤੋਂ ਛੁਟਕਾਰਾ ਪਾ ਸਕਦੇ ਹੋ।

ਕੁਝ ਅਸਰਦਾਰ ਘਰੇਲੂ ਉਪਾਅ

* ਗਰਮੀਆਂ ਦੇ ਦਿਨਾਂ ਵਿਚ ਘਰ ਵਿਚ ਮੌਜੂਦ ਬਰਫ਼ ਨੂੰ ਪਿੱਤ ਵਾਲੀ ਜਗ੍ਹਾ @ਤੇ ਲਗਾਉਣ ਨਾਲ ਪਿੱਤ ਠੀਕ ਹੋ ਜਾਂਦੀ ਹੈ ਅਤੇ ਵਿਅਕਤੀ ਨੂੰ ਸਰੀਰ @ਤੇ ਬਰਫ਼ ਮਲਣ ਨਾਲ ਠੰਢਕ ਵੀ ਮਿਲਦੀ ਹੈ।

* ਸਰੀਰ @ਤੇ ਮੁਲਤਾਨੀ ਮਿੱਟੀ ਦਾ ਲੇਪ ਲਗਾਉਣ ਨਾਲ ਪਿੱਤ ਕੁਝ ਹੀ ਦਿਨਾਂ ਵਿਚ ਖ਼ਤਮ ਹੋ ਜਾਂਦੀ ਹੈ। ਕਿਉਂਕਿ ਇਹ ਮੁਲਤਾਨੀ ਮਿੱਟੀ ਪਿੱਤ ਦੀ ਜਲਣ ਦਾ ਨਾਸ ਕਰਦੇ ਹੋਏ ਵਿਅਕਤੀ ਨੂੰ ਗਰਮੀਆਂ ਦੇ ਦਿਨਾਂ ਵਿਚ ਵੀ ਠੰਢਕ ਦਾ ਅਹਿਸਾਸ ਦਿਵਾਉਂਦੀ ਹੈ। ਇਸ ਲਈ ਪਿੱਤ ਦੇ ਨਾਲ-ਨਾਲ ਖੁਜਲੀ ਦਾ ਵੀ ਨਾਸ਼ ਹੋ ਜਾਂਦਾ ਹੈ।

* ਹਰ ਰੋਜ਼ ਸਵੇਰੇ ਅਤੇ ਸ਼ਾਮ ਨਹਾਉਣ ਤੋਂ ਬਾਅਦ ਜੇ ਅਸੀਂ ਨਾਰੀਅਲ ਦੇ ਤੇਲ ਵਿਚ ਕਪੂਰ ਨੂੰ ਮਿਲਾ ਕੇ ਪੂਰੇ ਸਰੀਰ @ਤੇ ਮਾਲਿਸ਼ ਕਰੀਏ ਤਾਂ ਪਿੱਤ ਕੁਝ ਹੀ ਦਿਨਾਂ ਵਿਚ ਠੰਢੇ ਬਸਤੇ ਵਿਚ ਚਲੀ ਜਾਵੇਗੀ ਅਤੇ ਸਮੱਸਿਆ ਦਾ ਖ਼ਾਤਮਾ ਹੋ ਜਾਵੇਗਾ।

* ਸਰੀਰ @ਤੇ ਪਿੱਤ ਨਿਕਲਣ @ਤੇ ਮਹਿੰਦੀ ਦਾ ਲੇਪ ਲਗਾਉਣ ਨਾਲ ਵੀ ਬਹੁਤ ਆਰਾਮ ਮਿਲਦਾ ਹੈ। ਨਹਾਉਂਦੇ ਸਮੇਂ ਪਾਣੀ ਵਿਚ ਮਹਿੰਦੀ ਦੇ ਪੱਤਿਆਂ ਨੂੰ ਪੀਸ ਕੇ ਮਿਲਾਓ। ਇਸ ਪਾਣੀ ਨਾਲ ਨਹਾਉਣ ਨਾਲ ਪਿੱਤ ਖੁਦ-ਬ-ਖੁਦ ਠੀਕ ਹੋਣ ਲਗਦੀ ਹੈ ਅਤੇ ਰੋਗੀ ਨੂੰ ਇਨ੍ਹਾਂ ਤੋਂ ਰਾਹਤ ਵੀ ਮਿਲਦੀ ਹੈ।

* ਗਰਮੀ ਦੇ ਦਿਨਾਂ ਵਿਚ ਪਿੱਤ ਦੀ ਤਕਲੀਫ ਤੋਂ ਛੁਟਕਾਰਾ ਪਾਉਣ ਲਈ ਨਿੰਮ ਦੀ ਛਿੱਲ ਜਾਂ ਪੱਤਿਆਂ ਨੂੰ ਮਸਲ ਕੇ ਚੰਦਨ ਵਾਂਗ ਸਰੀਰ @ਤੇ ਲਗਾਓ ਜਾਂ ਫਿਰ ਪਾਣੀ ਵਿਚ ਉਬਾਲ ਕੇ ਉਸ ਪਾਣੀ ਨਾਲ ਨਹਾਓ ਤਾਂ ਵਾਕਿਆ ਹੀ ਖੁਦ ਨੂੰ ਬਚਾਇਆ ਜਾ ਸਕਦਾ ਹੈ।



* ਚੰਦਨ ਦੇ ਪਾਊਡਰ ਨੂੰ ਆਮ ਪਾਊਡਰ ਦੀ ਤਰ੍ਹਾਂ ਸਰੀਰ @ਤੇ ਲਗਾਉਣ ਨਾਲ ਵੀ ਪਿੱਤ ਖੁਦ-ਬ-ਖੁਦ ਸਮਾਪਤ ਹੋ ਜਾਂਦੀ ਹੈ। ਇਸ ਤਰ੍ਹਾਂ ਵਿਅਕਤੀ ਨੂੰ ਜਲਣ ਤੋਂ ਛੁਟਕਾਰਾ ਮਿਲ ਜਾਂਦਾ ਹੈ। ਇਸ ਤੋਂ ਇਲਾਵਾ ਗੁਲਾਬ ਜਲ ਵਿਚ ਚੰਦਨ ਅਤੇ ਕਪੂਰ ਨੂੰ ਮਸਲ ਕੇ ਪਿੱਤ @ਤੇ ਲਗਾਉਣ ਨਾਲ ਵੀ ਕਾਫੀ ਲਾਭ ਹੁੰਦਾ ਹੈ।

* ਅਨਾਨਾਸ ਫਲ ਵੀ ਪਿੱਤ ਦਾ ਖ਼ਾਤਮਾ ਕਰਨ ਵਿਚ ਕਿਸੇ ਰਾਮਬਾਣ ਤੋਂ ਘੱਟ ਨਹੀਂ ਹੈ। ਜੇ ਅਸੀਂ ਅਨਾਨਾਸ ਦੇ ਗੁੱਦੇ ਨੂੰ ਪਿੱਤ ਵਾਲੀਆਂ ਜਗ੍ਹਾ @ਤੇ ਲਗਾਈਏ ਤਾਂ ਬਿਨਾਂ ਸ਼ੱਕ ਇਸ ਨਾਲ ਸਾਡੇ ਸਰੀਰ ਨੂੰ ਹੋਣ ਵਾਲੀ ਤਕਲੀਫ ਤੋਂ ਕਾਫੀ ਆਰਾਮ ਮਿਲੇਗਾ।

* ਜੇ ਅਸੀਂ ਗਾਂ ਜਾਂ ਮੱਝ ਦੇ ਸ਼ੁੱਧ ਦੇਸੀ ਘਿਓ ਦੀ ਸਾਰੇ ਸਰੀਰ @ਤੇ ਮਾਲਿਸ਼ ਕਰੀਏ ਤਾਂ ਇਹ ਪਿੱਤ ਦਾ ਨਾਸ਼ ਕਰਨ ਵਿਚ ਸਾਡੀ ਖੂਬ ਮਦਦ ਕਰੇਗਾ।





ਰੋਜ਼ਾਨਾ ਲੋਕ ਬਾਣੀ ਨੂੰ ਪੱਤਰਕਾਰਾਂ ਦੀ ਲੋੜ
99155-94111

ਰੋਜ਼ਾਨਾ
# ਲੋਕ ਬਾਣੀ
ਸੱਚ ਤੇ ਨਿਡਰ ਆਵਾਜ਼
Email : lokbani08@gmail.com
ਐਤਵਾਰ, 24 ਅਪ੍ਰੈਲ 2022
ਮੁੱਖ ਸੰਪਾਦਕ :- ਅਮਨ ਮਹਿਰਾ (ਜਲੰਧਰ)

ਇਸ਼ਤਿਹਾਰ ਲਵਾਓ ਵਪਾਰ ਵਧਾਓ
ਰੋਜ਼ਾਨਾ ਲੋਕ ਬਾਣੀ
ਅਖਬਾਰ ਵਿਚ ਸੰਪਰਕ ਕਰੋ
0181-2211009
Newslokbani@gmail.com

R.N.I. Punpun/29016/2008 ✲ ਸਾਲ : 14 ✲ ਅੰਕ : 409 ✲ ਮੁੱਲ : 5.00 ਰੁਪਏ ✲ ਕੁੱਲ ਪੇਜ਼ : 10 ✲ ਫੈਕਸ : 0181-2211009 ✲ M. 99155-94111



## ਵਾਸ਼ਿੰਗਟਨ 'ਚ 23 ਸਾਲਾ ਨੌਜਵਾਨ ਵਲੋਂ ਗੋਲੀਬਾਰੀ

### ਪੁਲਿਸ ਨੂੰ 23 ਸਾਲਾ ਰੇਮੰਡ ਸਪੈਂਸਰ ਦੀ ਭਾਲ

ਅਮਰੀਕਾ ਦੇ ਵਾਸ਼ਿੰਗਟਨ 'ਚ ਐਡਮੰਡ ਬਰਕ ਸਕੂਲ ਨੇੜੇ ਵੈਨ ਨੇਸ ਸਟਰੀਟ 'ਤੇ ਸ਼ੁੱਕਰਵਾਰ ਨੂੰ ਕਈ ਰਾਊਂਡ ਫਾਇਰਿੰਗ ਹੋਈ, ਜਿਸ 'ਚ 4 ਲੋਕ ਗੰਭੀਰ ਜ਼ਖਮੀ ਹੋ ਗਏ। ਇਹ ਘਟਨਾ ਬਾਅਦ ਦੁਪਹਿਰ 3.30 ਵਜੇ ਦੇ ਕਰੀਬ ਵਾਪਰੀ, ਜਿਸ ਵਿਚ 12 ਸਾਲਾ ਲੜਕੀ ਨੂੰ ਵੀ ਗੋਲੀ ਲੱਗੀ। ਉਧਰ ਡੀਸੀ ਪੁਲਿਸ ਵਿਭਾਗ ਨੇ ਕਿਹਾ ਕਿ ਪੁਲਿਸ ਨੂੰ ਰੇਮੰਡ ਸਪੈਂਸਰ ਨਾਂਅ ਦੇ 23 ਸਾਲਾ ਵਿਅਕਤੀ ਦੀ ਭਾਲ ਹੈ। ਡੀਸੀ ਪੁਲਿਸ ਵਿਭਾਗ ਮੁਤਾਬਕ ਮੁਢਲੀ ਜਾਂਚ ਵਿੱਚ ਤਿੰਨ ਮੁਲਜ਼ਮਾਂ ਦੀ ਗ੍ਰਿਫ਼ਤਾਰੀ ਦੀ ਗੱਲ ਕਹੀ ਜਾ ਰਹੀ ਸੀ, ਪਰ ਤਾਜ਼ਾ ਜਾਣਕਾਰੀ ਮੁਤਾਬਕ ਇਸ ਵਿੱਚ ਕਰੀਬ 4 ਵਿਅਕਤੀ ਸ਼ਾਮਲ ਸੀ, ਜਿਨ੍ਹਾਂ ਵਿੱਚ 23 ਸਾਲਾ ਰੇਮੰਡ ਨੂੰ ਮੁੱਖ ਮੁਲਜ਼ਮ ਵਜੋਂ ਦੇਖਿਆ ਜਾ ਰਿਹਾ ਹੈ। ਪੁਲਿਸ ਟੀਮ ਮਾਮਲੇ ਦੀ ਜਾਂਚ @ਚ ਰੁੱਝੀ ਹੋਈ ਹੈ। ਦੱਸਿਆ ਜਾ ਰਿਹਾ ਹੈ ਕਿ ਰੇਮੰਡ ਵਰਜੀਨੀਆ ਦਾ ਰਹਿਣ ਵਾਲਾ ਹੈ ਅਤੇ ਉਸ ਨੇ ਸਕੂਲ ਨੇੜੇ 12 ਸਾਲ ਦੀ ਬੱਚੀ ਨੂੰ ਗੋਲੀ ਮਾਰੀ, ਜਿਸ ਦੀ ਹਾਲਤ ਹੁਣ ਸਥਿਰ ਹੈ।

## ਅੱਤਵਾਦੀਆਂ ਨੇ ਕੀਤਾ ਪਾਕਿ ਫ਼ੌਜ ਦੀ ਚੌਕੀ 'ਤੇ ਹਮਲਾ



**ਇਸਲਾਮਾਬਾਦ/ਲੋਕ ਬਾਣੀ:** ਅਫ਼ਗਾਨਿਸਤਾਨ 'ਚ ਅੱਤਵਾਦੀਆਂ ਨੇ ਰਾਤ ਭਰ ਸਰਹੱਦ ਪਾਰ ਪਾਕਿਸਤਾਨੀ ਫੌਜ ਦੀ ਚੌਕੀ 'ਤੇ ਭਾਰੀ ਹਥਿਆਰਾਂ ਨਾਲ ਗੋਲੀਬਾਰੀ ਕੀਤੀ, ਜਿਸ 'ਚ ਤਿੰਨ ਫੌਜੀਆਂ ਦੀ ਮੌਤ ਹੋ ਗਈ। ਫੌਜ ਨੇ ਸ਼ਨੀਵਾਰ ਇਹ ਜਾਣਕਾਰੀ ਦਿੱਤੀ। ਫੌਜ ਨੇ ਇਕ ਬਿਆਨ 'ਚ ਕਿਹਾ ਕਿ ਪਾਕਿਸਤਾਨ ਦੇ ਉੱਤਰੀ ਵਜ਼ੀਰਿਸਤਾਨ ਖੇਤਰ 'ਚ ਇਕ ਫੌਜੀ ਚੌਕੀ ਵੱਲ ਅੱਤਵਾਦੀਆਂ ਵੱਲੋਂ ਗੋਲੀਬਾਰੀ ਕਰਨ ਨਾਲ ਮੁਕਾਬਲਾ ਸ਼ੁਰੂ ਹੋ ਗਿਆ ਅਤੇ ਕਈ ਲੋਕ ਮਾਰੇ ਗਏ। ਹਮਲੇ ਦੀ ਜਾਣਕਾਰੀ ਦੀ ਆਜ਼ਾਦ ਤੌਰ 'ਤੇ ਪੁਸ਼ਟੀ ਨਹੀਂ ਕੀਤੀ ਜਾ ਸਕੀ ਹੈ। ਇਹ ਹਮਲਾ ਅਜਿਹੇ ਸਮੇਂ 'ਚ ਹੋਇਆ ਹੈ, ਜਦੋਂ ਅਫ਼ਗਾਨਿਸਤਾਨ 'ਚ ਹਾਲ ਹੀ ਦੇ ਦਿਨਾਂ 'ਚ ਕਈ ਧਮਾਕੇ ਹੋਏ ਹਨ। ਇਸਲਾਮਿਕ ਸਟੇਟ-ਖੁਰਾਸਾਨ ਨੇ ਅਫ਼ਗਾਨਿਸਤਾਨ 'ਚ ਕਈ ਹਮਲਿਆਂ ਦੀ ਵੀਰਵਾਰ ਜ਼ਿੰਮੇਵਾਰੀ ਲਈ ਸੀ। ਇਨ੍ਹਾਂ 'ਚੋਂ ਜ਼ਿਆਦਾਤਰ ਹਮਲੇ ਦੇਸ਼ ਦੇ ਘੱਟਗਿਣਤੀ ਸ਼ੀਆ ਭਾਈਚਾਰੇ ਨੂੰ ਨਿਸ਼ਾਨਾ ਬਣਾ ਕੇ ਕੀਤੇ ਗਏ ਹਨ।

## ਸੀਬੀਐੱਸਈ ਨੇ ਸਿਲੇਬਸ 'ਚੋਂ ਇਸਲਾਮੀ ਸਾਮਰਾਜ, ਠੰਢੀ ਜੰਗ ਤੇ ਫ਼ੈਜ਼ ਦੀਆਂ ਨਜ਼ਮਾਂ ਹਟਾਈਆਂ




**ਨਵੀਂ ਦਿੱਲੀ/ਲੋਕ ਬਾਣੀ**

ਸੈਂਟਰਲ ਬੋਰਡ ਆਫ ਸੈਕੰਡਰੀ ਐਜੂਕੇਸ਼ਨ (ਸੀਬੀਐੱਸਈ) ਨੇ 11ਵੀਂ ਅਤੇ 12ਵੀਂ ਜਮਾਤ ਦੇ ਇਤਿਹਾਸ ਅਤੇ ਰਾਜਨੀਤੀ ਸ਼ਾਸਤਰ ਦੇ ਸਿਲੇਬਸ ਵਿੱਚੋਂ ਗੁੱਟ ਨਿਰਲੇਪ ਅੰਦੋਲਨ, ਠੰਢੀ ਜੰਗ ਦੇ ਦੌਰ, ਅਫਰੀਕੀ-ਏਸ਼ਿਆਈ ਖੇਤਰਾਂ ਵਿੱਚ ਇਸਲਾਮੀ ਸਾਮਰਾਜ ਦਾ ਉਭਾਰ, ਮੁਗਲ ਦਰਬਾਰਾਂ ਦੇ ਇਤਿਹਾਸ ਅਤੇ ਉਦਯੋਗਿਕ ਕ੍ਰਾਂਤੀ ਸਬੰਧੀ ਅਧਿਆਏ ਹਟਾ ਦਿੱਤੇ ਹਨ। ਇਸੇ ਤਰ੍ਹਾਂ 10ਵੀਂ ਜਮਾਤ ਦੇ ਸਿਲੇਬਸ @ਚ @ਭੋਜਨ ਸੁਰੱਖਿਆ@ ਨਾਲ ਸਬੰਧਤ ਅਧਿਆਏ ਵਿਚੋਂ @ਖੇਤੀਬਾੜੀ @ਤੇ ਵਿਸ਼ਵੀਕਰਨ ਦਾ ਪ੍ਰਭਾਵ@ ਵਿਸ਼ੇ ਨੂੰ ਹਟਾ ਦਿੱਤਾ ਗਿਆ ਹੈ। ਇਸ ਦੇ ਨਾਲ ਹੀ ਇਸ ਸਾਲ 'ਧਰਮ, ਫਿਰਕਾਪ੍ਰਸਤੀ ਅਤੇ ਧਰਮ ਨਿਰਪੱਖ ਰਾਜ' ਭਾਗ ਵਿੱਚੋਂ ਫੈਜ਼ ਅਹਿਮਦ ਫੈਜ਼ ਦੀਆਂ ਦੋ ਉਰਦੂ ਕਵਿਤਾਵਾਂ ਦਾ ਅਨੁਵਾਦਿਤ ਅੰਸ਼ ਵੀ ਬਾਹਰ ਰੱਖਿਆ ਗਿਆ ਹੈ। ਸੀਬੀਐੱਸਈ ਨੇ ਸਿਲੇਬਸ ਵਿਚੋਂ @ਲੋਕਤੰਤਰ ਅਤੇ ਵਿਭਿੰਨਤਾ@ ਦੇ ਚੈਪਟਰ ਵੀ ਹਟਾ ਦਿੱਤੇ ਹਨ।



## ਕੇਂਦਰ ਨੂੰ ਯੂਕਰੇਨ-ਰੂਸ ਜੰਗ ਤੇ ਦਿੱਲੀ ਦੰਗਿਆਂ ਦੀ ਟੀਵੀ ਕਵਰੇਜ 'ਤੇ ਇਤਰਾਜ਼, ਚੈਨਲਾਂ ਨੂੰ ਸਖ਼ਤ ਹਦਾਇਤਾਂ

**ਨਵੀਂ ਦਿੱਲੀ/ਲੋਕ ਬਾਣੀ**

ਕੇਂਦਰ ਸਰਕਾਰ ਨੇ ਯੂਕਰੇਨ-ਰੂਸ ਜੰਗ ਤੇ ਦਿੱਲੀ ਦੰਗਿਆਂ ਦੀ ਟੈਲੀਵਿਜ਼ਨ ਕਵਰੇਜ @ਤੇ ਸਖ਼ਤ ਇਤਰਾਜ਼ ਕੀਤਾ ਹੈ। ਸਰਕਾਰ ਨੇ ਚੈਨਲਾਂ ਨੂੰ ਨਿਯਮਾਂ ਦੀ ਪਾਲਣਾ ਕਰਨ ਲਈ @ਸਖ਼ਤ ਹਦਾਇਤਾਂ ਕੀਤੀਆਂ ਹਨ। ਸਰਕਾਰ ਨੇ ਟੀਵੀ ਚੈਨਲਾਂ ਨੂੰ ਕੇਬਲ ਟੀਵੀ ਨੈੱਟਵਰਕ (ਰੈਗੂਲੇਸ਼ਨ) ਐਕਟ ਦੀ ਉਲੰਘਣਾ ਕਰਨ ਵਾਲੀ ਸਮੱਗਰੀ ਦਾ ਪ੍ਰਸਾਰਨ ਤੁਰੰਤ ਬੰਦ ਕਰਨ ਲਈ ਕਿਹਾ ਹੈ।

## ਸੈਲਾਨੀਆਂ ਨਾਲ ਭਰੀ ਕਿਸ਼ਤੀ ਡੁੱਬੀ

**ਟੋਕੀਓ/ਲੋਕ ਬਾਣੀ:-** ਜਾਪਾਨ ਦੇ ਉੱਤਰੀ ਹਿੱਸੇ @ਚ ਸ਼ਨੀਵਾਰ ਨੂੰ ਸੰਕਟ @ਚ ਹੋਣ ਦਾ ਸ਼ੱਕ ਦੇਣ ਤੋਂ ਬਾਅਦ ਇਕ ਸੈਲਾਨੀਆਂ ਨਾਲ ਭਰੀ ਕਿਸ਼ਤੀ ਡੁੱਬ ਗਈ, ਜਿਸ @ਚ 26 ਲੋਕ ਸਵਾਰ ਸਨ। ਜਾਪਾਨ ਦੇ ਤੱਟ ਰੱਖਿਅਕਾਂ ਨੇ ਇਹ ਜਾਣਕਾਰੀ ਦਿੱਤੀ। ਤੱਟ ਰੱਖਿਅਕਾਂ ਨੇ ਦੱਸਿਆ ਕਿ 7 ਘੰਟੇ ਤੱਕ 6 ਕਿਸ਼ਤੀਆਂ ਅਤੇ ਚਾਰ ਜਹਾਜ਼ਾਂ ਦੀ ਮਦਦ ਨਾਲ ਡੂੰਘਾਈ ਨਾਲ ਤਲਾਸ਼ੀ ਮੁਹਿੰਮ ਚਲਾਈ ਗਈ, ਇਸ ਦੇ ਬਾਵਜੂਦ ਕੋਈ ਜ਼ਿੰਦਾ ਨਹੀਂ ਮਿਲਿਆ। ਤੱਟ ਰੱਖਿਅਕ ਨੇ ਦੱਸਿਆ ਕਿ 19 ਟਨ ਵਜ਼ਨ ਵਾਲੇ ਕਾਜ਼ੂ-1 ਨੇ ਦੁਪਹਿਰ ਦੇ ਤੁਰੰਤ ਬਾਅਦ ਐਮਰਜੈਂਸੀ ਸੰਦੇਸ਼ ਦਿੱਤਾ ਸੀ ਕਿ ਕਿਸ਼ਤੀ @ਚ ਪਾਣੀ ਭਰਨ ਕਾਰਨ ਡੁੱਬ ਗਈ ਅਤੇ ਉਹ ਇਕ ਪਾਸੇ ਝੁਕ ਗਈ ਸੀ। ਉਨ੍ਹਾਂ ਦੱਸਿਆ ਕਿ ਕਿਸ਼ਤੀ ਤੋਂ ਮਿਲੇ ਸੰਕੇਤ ਮੁਤਾਬਕ ਇਹ ਘਟਨਾ ਉਸ ਸਮੇਂ ਹੋਈ ਜਦ ਕਿਸ਼ਤੀ ਉੱਤਰੀ ਟਾਪੂ ਹਕੀਯਾਦੋ ਦੇ ਉੱਤਰੀ ਸ਼ਿਰੇਤੋਕੋ ਪ੍ਰਾਇਦੀਪ ਤੋਂ ਰਵਾਨਾ ਹੋਈ ਸੀ।

## ਬਾਕੀ ਸਿਆਸੀ ਪਾਰਟੀਆਂ ਵਾਂਗੂ 'ਆਪ' ਪਾਰਟੀ ਵੀ ਲਗੀ ਆਪਣੇ ਰੰਗ ਦਿਖਾਉਣ : ਸੰਜੇ ਮਹਿਰਾ

**ਜਲੰਧਰ/ਰਕੇਸ਼ ਵਰਮਾ:-** ਜਦੋਂ ਦਾ ਦੇਸ਼ ਅਜਾਦ ਹੋਇਆ ਹੈ ਉਦੋਂ ਤੋਂ ਹੀ ਪੰਜਾਬ ਨੂੰ ਸਿਆਸੀ ਪਾਰਟੀਆਂ ਲੁਟਦੀਆਂ ਹੀ ਆਈਆਂ ਹਨ ਬੀਤੇ ਦਿਨੀਂ ਹੋਏ ਚੋਣਾਂ ਦੌਰਾਨ ਪੰਜਾਬ ਵਿਚ ਨਵੀਂ ਪਾਰਟੀ 'ਆਮ ਆਦਮੀ ਪਾਰਟੀ' ਦੀ ਜਿੱਤ ਹੋਈ। ਜਿਸਨੂੰ ਪੰਜਾਬ ਦੇ ਲੋਕਾਂ ਨੇ ਬਹੁਮਤ ਨਾਲ ਜਿਤਾਇਆ ਸੀ 'ਆਪ' ਪਾਰਟੀ ਨੂੰ ਪੰਜਾਬ ਦੇ ਲੋਕਾਂ ਨੇ ਇਸ ਲਈ ਜਿਤਾਇਆ ਸੀ ਕਿ ਪੰਜਾਬ ਵਿੱਚ ਲੋਕ ਬਦਲਾਅਵ ਦੇਖਣਾ ਚਾਹੁੰਦੇ ਸਨ ਜੋ ਕਿ ਆਪ ਪਾਰਟੀ ਨੇ ਚੋਣਾਂ ਤੋਂ ਪਹਿਲਾਂ ਕਿਹਾ ਸੀ। ਪਰ ਅੱਜ ਦੇ ਸਮੇਂ ਵਿੱਚ ਪੰਜਾਬ ਦੀ ਨਵੀਂ ਬਣੀ ਪਾਰਟੀ ਵੀ ਬਾਕੀ ਸਿਆਸੀ ਪਾਰਟੀਆਂ ਦੀ ਤਰਾਂ ਰੰਗ ਬਦਲਣ ਲਗੀ ਹੈ। ਇਨਾਂ ਸ਼ਬਦਾਂ ਦਾ ਪ੍ਰਗਟਾਵਾ ਸੰਜੇ ਮਹਿਰਾ ਨੇ ਕੀਤਾ ਉਨਾਂ ਨੇ ਕਿਹਾ ਕਿ ਪਹਿਲੀਆਂ ਪਾਰਟੀਆਂ ਲੋਕਾਂ ਨੂੰ ਧਰਮਾਂ ਦੇ ਨਾਂਅ ਤੇ ਲੁਟਦਆਂ ਆਈਆਂ ਹਨ ਪੰਜਾਬ ਦੇ ਮੁਖ ਮੰਤਰੀ ਭਗਵੰਤ ਮਾਨ ਨੇ ਵੀ ਉਨਾਂ ਪਾਰਟੀਆਂ ਦੀ ਤਰਾਂ ਹੀ ਪੰਜਾਬ ਦੇ ਲੋਕਾਂ ਨੂੰ ਕੈਟੇਗਰੀਆਂ ਦੇ ਹਿਸਾਬ ਨਾਲ ਭੇਦ-ਭਾਵ ਕੀਤਾ। ਉਨਾਂ ਨੇ ਕਿਹਾ ਕਿ ਪੰਜਾਬ ਦੇ ਮੁੱਖ ਮੰਤਰੀ ਨੇ ਜੇਕਰ ਬਿਜਲੀ ਦੇ ਬਿਲ 2 ਕਿਲੋ ਵਾਟ ਵਾਲਿਆਂ ਦੇ ਹੀ ਮੁਆਫ ਕਰਨੇ ਸੀ ਤਾਂ ਇਹ ਉਨਾਂ ਨੇ ਪੰਜਾਬ ਦੇ ਲੋਕਾਂ ਨੂੰ ਪਹਿਲਾਂ ਕਿਉਂ ਨਹੀਂ ਕਿਹਾ ਅਤੇ ਜੇਕਰ ਐਸ.ਸੀ, ਬੀ.ਸੀ, ਓ.ਬੀ.ਸੀ, ਜਨਰਲ ਕੈਟੇਗਰੀ ਦੇ ਭੇਦ-ਭਾਵ ਕਰਨਾ ਸੀ ਤਾਂ ਚੋਣਾਂ ਤੋਂ ਪਹਿਲਾਂ ਕਿਉਂ ਨਹੀਂ ਦੱਸਿਆ। ਪੰਜਾਬ ਦੇ ਮੁਖ ਮੰਤਰੀ ਵੀ ਬਾਕੀ ਸਿਆਸੀ ਆਗੂਆਂ ਦੀ ਤਰਾਂ ਆਪਣਾ ਰੰਗ ਬਦਲਦੇ ਨਜਰ ਆ ਰਹੇ ਹਨ ਜਾਂ ਫਿਰ ਉਨਾਂ ਤੋਂ ਸੱਤਾ ਸੰਭਾਲੀ ਨਹੀਂ ਜਾ ਰਹੀ ਕਿ ਕਰਨਾ ਕੀ ਹੈ। ਅੱਗੇ ਚਲਦੇ ਸੰਜੇ ਮਹਿਰਾ ਨੇ ਕਿਹਾ ਕਿ ਜੇਕਰ ਅਜਿਹਾ ਹੀ ਹਾਲ ਰਿਹਾ 'ਆਪ' ਪਾਰਟੀ ਦਾ ਤਾਂ ਉਹ ਦਿਨ ਦੂਰ ਨਹੀਂ ਕਿ ਪੰਜਾਬ ਦੇ ਲੋਕ ਬਾਕੀ ਸਿਆਸੀ ਪਾਰਟੀਆਂ ਦੀ ਤਰਾਂ ਇਸ ਆਮ ਆਦਮੀ ਪਾਰਟੀ ਦਾ ਬਾਈਕਾਟ ਕਰ ਦੇਣਗੇ।



## ਨਿੱਜੀ ਟਰਾਂਸਪੋਰਟਰਾਂ ਨੂੰ ਪੰਜਾਬ ਸਰਕਾਰ ਵੱਲੋਂ ਰਾਹਤ

**ਚੰਡੀਗੜ੍ਹ/ਲੋਕ ਬਾਣੀ**

ਪੰਜਾਬ ਦੇ ਨਿੱਜੀ ਟਰਾਂਸਪੋਰਟਰਾਂ ਨੂੰ ਰਾਹਤ ਦਿੰਦਿਆਂ ਮੁੱਖ ਮੰਤਰੀ ਭਗਵੰਤ ਮਾਨ ਨੇ ਉਨ੍ਹਾਂ ਨੂੰ ਅਗਲੇ ਤਿੰਨ ਮਹੀਨਿਆਂ ਵਿੱਚ ਬਿਨਾਂ ਕਿਸੇ ਜੁਰਮਾਨੇ ਦੇ ਮੋਟਰ ਵਹੀਕਲ ਟੈਕਸ ਅਦਾ ਕਰਨ ਦੀ ਇਜਾਜ਼ਤ ਦੇ ਦਿੱਤੀ ਹੈ। ਉਨ੍ਹਾਂ ਅੱਜ ਪੰਜਾਬੀ ਤੇ ਹਿੰਦੀ ਵਿੱਚ ਟਵੀਟ ਕਰਦਿਆਂ ਕਿਹਾ,'ਅਪਣੇ ਟਰਾਂਸਪੋਰਟਰ



ਸਾਥੀਆਂ ਨਾਲ ਕੀਤਾ ਵਾਅਦਾ ਅੱਜ ਅਸੀਂ ਪੂਰਾ ਕਰ ਰਹੇ ਹਾਂ। ਕਰੋਨਾ ਕਾਰਨ ਜਿਹੜੇ ਟਰਾਂਸਪੋਰਟਰ ਮੋਟਰ ਟੈਕਸ ਨਹੀਂ ਭਰ ਸਕੇ, ਉਹ ਹੁਣ ਅਗਲੇ 3 ਮਹੀਨਿਆਂ ਤੱਕ ਬਿਨਾਂ ਜੁਰਮਾਨੇ ਜਾਂ ਏਰੀਅਰ ਬਕਾਇਆ ਟੈਕਸ ਭਰ ਸਕਣਗੇ। ਟਰਾਂਸਪੋਰਟਰ ਸਾਡੀ ਅਰਥਵਿਵਸਥਾ ਦੀ ਰੀੜ੍ਹ ਦੀ ਹੱਡੀ ਹਨ, ਅਸੀਂ ਹਰ ਲੋੜ ਵਿੱਚ ਉਨ੍ਹਾਂ ਦੇ ਨਾਲ ਖੜ੍ਹੇ ਹਾਂ।'

ਪੰਜਾਬ ਦੇ ਹਰ ਜ਼ਿਲ੍ਹੇ ਤੋਂ ਰੋਜ਼ਾਨਾ ਲੋਕ ਬਾਣੀ ਅਖ਼ਬਾਰ ਲਈ ਪੱਤਰਕਾਰਾਂ ਦੀ ਲੋੜ ਹੈ ਚਾਹਵਾਨ ਪੱਤਰਕਾਰ ਸੰਪਰਕ ਕਰਨ ਮੁੱਖ ਦਫਤਰ
ਲੋਕ ਬਾਣੀ ਸੰਗਮ ਕੰਪਲੈਕਸ, ਮਿਲਾਪ ਚੌਕ ਜਲੰਧਰ 99155-94111

# ਕੰਧਾਂ ਅਤੇ ਫਰਸ਼ ਦੀਆਂ ਟਾਈਲਾਂ ’ਚੋਂ ਮਿਲੇ ਕਰੋੜਾਂ ਰੁਪਏ, ਰੇਡ ਦੌਰਾਨ GST ਟੀਮ ਦੇ ਉੱਡੇ ਹੋਸ਼




**ਮੁੰਬਈ/ਲੋਕ ਬਾਣੀ**

ਮਹਾਰਾਸ਼ਟਰ ’ਚ ਇਕ ਸੁਨਿਆਰੇ ਦੇ ਦਫਤਰ ’ਤੇ ਜੀ. ਐੱਸ. ਟੀ. ਦੀ ਰੇਡ ’ਚ 9.5 ਕਰੋੜ ਨਕਦ ਅਤੇ 19 ਕਿਲੋ ਚਾਂਦੀ ਦੀਆਂ ਇੱਟਾਂ ਮਿਲੀਆਂ ਹਨ। ਕਾਰੋਬਾਰੀ ਵਲੋਂ ਜ਼ਮੀਨ ਦੇ ਅੰਦਰ ਤਹਿਖਾਨਾ ਬਣਾ ਕੇ ਕਰੋੜਾਂ ਰੁਪਏ ਦੇ ਨੋਟ ਅਤੇ ਚਾਂਦੀ ਲੁੱਕੋ ਕੇ ਰੱਖੀ ਗਈ ਸੀ। ਛੋਟੇ ਜਿਹੇ ਦਫਤਰ ’ਚ ਜ਼ਮੀਨ ਹੇਠਾਂ ਕਰੋੜਾਂ ਦੇ ਨੋਟ ਕੰਧਾਂ ਅਤੇ ਟਾਈਲਾਂ ’ਚ ਲੁੱਕੋ ਕੇ ਰੱਖੇ ਗਏ ਸਨ। ਹਾਲਾਂਕਿ ਇਸ ਦੇ ਬਾਵਜੂਦ ਟੀਮ ਨੇ ਕਾਰਵਾਈ ਕਰ ਕੇ ਬੋਰੇ ’ਚੋਂ 9.5 ਕਰੋੜ ਨਕਦ ਅਤੇ 19 ਕਿਲੋ ਚਾਂਦੀ ਦੀਆਂ ਇੱਟਾਂ ਮਿਲੀਆਂ।

ਦੱਸ ਦੇਈਏ ਕਿ ਕਾਰੋਬਾਰੀ ਪਹਿਲਾਂ ਵੀ ਵਿਵਾਦਾਂ ’ਚ ਆ ਚੁੱਕਾ ਹੈ। ਦਰਅਸਲ ਆਈ. ਪੀ. ਐੱਸ. ਸੌਰਭ ਤ੍ਰਿਪਾਠੀ ’ਤੇ ਦੋਸ਼ ਲੱਗੇ ਸਨ ਕਿ ਜ਼ੋਨ-2 ਦੇ ਡੀ. ਸੀ. ਪੀ. ਰਹਿੰਦੇ ਹੋਏ ਉਨ੍ਹਾਂ ਨੇ ਵਸੂਲੀ ਕੀਤੀ ਸੀ। ਉਸ ਦੌਰਾਨ ਉਨ੍ਹਾਂ ਨੇ ਕਾਰੋਬਾਰੀਆਂ ਤੋਂ 10 ਲੱਖ ਰੁਪਏ ਹਰ ਮਹੀਨੇ ਹਫ਼ਤਾ ਦੇ ਰੂਪ ’ਚ ਮੰਗੇ ਸਨ। ਵਸੂਲੀ ਤੋਂ ਤੰਗ ਆ ਕੇ ਕਾਰੋਬਾਰੀਆਂ ਨੇ ਪੁਲਸ ’ਚ ਸ਼ਿਕਾਇਤ ਕੀਤੀ ਸੀ। ਸ਼ਿਕਾਇਤ ਤੋਂ ਬਾਅਦ ਮਾਰਚ ਮਹੀਨੇ ’ਚ ਮਹਾਰਾਸ਼ਟਰ ਸਰਕਾਰ ਨੇ ਦੋਸ਼ੀ ਡੀ. ਸੀ. ਪੀ. ਸੌਰਭ ਤ੍ਰਿਪਾਠੀ ਨੂੰ ਮੁਅੱਤਲ ਕਰ ਦਿੱਤਾ ਸੀ। ਜਿਸ ਤੋਂ ਬਾਅਦ ਉਹ ਫਰਾਰ ਹਨ। ਇਨ੍ਹਾਂ ਦੀ ਤਲਾਸ਼ੀ ਕੀਤੀ ਜਾ ਰਹੀ ਹੈ ਪਰ ਅਜੇ ਤਕ ਇਨ੍ਹਾਂ ਦਾ ਕੁਝ ਪਤਾ ਨਹੀਂ ਲੱਗ ਸਕਿਆ ਹੈ।

# ਹਰਿਆਣਾ ’ਚ ਬਿਜਲੀ ਦੀ ਭਾਰੀ ਕਿੱਲਤ, ਉਦਯੋਗ-ਧੰਦੇ ਠੱਪ ਹੋਣ ਦੀ ਕਗਾਰ ’ਤੇ : ਗਰਗ



**ਚੰਡੀਗੜ੍ਹ/ਲੋਕ ਬਾਣੀ-** ਹਰਿਆਣਾ ਪ੍ਰਦੇਸ਼ ਵਪਾਰ ਮੰਡਲ ਦੇ ਸੂਬਾਈ ਪ੍ਰਧਾਨ ਅਤੇ ਅਖਿਲ ਭਾਰਤੀ ਵਪਾਰ ਮੰਡਲ ਦੇ ਮੁੱਖ ਰਾਸ਼ਟਰੀ ਜਨਰਲ ਸਕੱਤਰ ਬਜਰੰਗ ਗਰਗ ਨੇ ਕਿਹਾ ਕਿ ਪ੍ਰਦੇਸ਼ ’ਚ ਬਿਜਲੀ ਦੀ ਭਾਰੀ ਕਿੱਲਤ ਹੋਣ ਕਾਰਨ ਉਦਯੋਗ-ਧੰਦੇ ਠੱਪ ਹੁੰਦੇ ਜਾ ਰਹੇ ਹਨ। ਗਰਗ ਨੇ ਅੱਜ ਇੱਥੇ ਕਿਹਾ ਕਿ ਪ੍ਰਦੇਸ਼ ਦਾ ਉਦਯੋਗ ਭਾਰੀ ਸੰਕਟ ’ਚ ਹੈ। ਇਕ ਦਿਨ ’ਚ 12 ਤੋਂ 14 ਘੰਟੇ ਬਿਜਲੀ ਦੀ ਕੌਟਤੀ ਹੋ ਰਹੀ ਹੈ, ਜਿਸ ਕਾਰਨ ਮਜਬੂਰੀ ’ਚ ਕਾਫੀ ਕਾਰੋਬਾਰੀਆਂ ਨੂੰ ਆਪਣੇ ਉਦਯੋਗ ਬੰਦ ਕਰਨੇ ਪੈ ਰਹੇ ਹਨ। ਬਿਜਲੀ ਵਿਭਾਗ ਵਲੋਂ ਵਾਰ-ਵਾਰ ਬਿਜਲੀ ਦੀ ਕਟੌਤੀ ਕਰਨ ਨਾਲ ਉਦਯੋਗਾਂ ਨੂੰ ਬਹੁਤ ਵੱਡਾ ਨੁਕਸਾਨ ਚੁੱਕਣਾ ਪੈ ਰਿਹਾ ਹੈ, ਕਿਉਂਕਿ ਲਗਾਤਾਰ ਮਜ਼ਦੂਰ ਕੰਮ ਕਰ ਸਕਦੇ ਹਨ। ਮਸ਼ੀਨਾਂ ਗਰਮ ਹੋਣ ਤੋਂ ਪਹਿਲਾਂ ਹੀ ਬਿਜਲੀ ਕੱਟ ਲੱਗ ਜਾਣ ਕਾਰਨ ਉਦਯੋਗਾਂ ’ਚ ਕੰਮ ਰੁੱਕ ਜਾਂਦਾ ਹੈ। ਬਿਜਲੀ ਦੀ ਕਿੱਲਤ ਕਾਰਨ ਪ੍ਰਦੇਸ਼ ’ਚ ਥਾਂ-ਥਾਂ ਕਿਸਾਨ ਅਤੇ ਪਿੰਡ ਵਾਸੀ ਸੜਕਾਂ ’ਤੇ ਧਰਨਾ ਦੇ ਰਹੇ ਹਨ। ਜੇਕਰ ਸਰਕਾਰ ਨੇ ਬਿਜਲੀ ਦੀ ਕਮੀ ਨੂੰ ਦੂਰ ਨਹੀਂ ਕੀਤਾ, ਤਾਂ ਪ੍ਰਦੇਸ਼ ’ਚ ਉਦਯੋਗ ਬੰਦ ਹੋ ਜਾਣਗੇ। ਉਦਯੋਗ ਬੰਦ ਹੋਣ ਨਾਲ ਲੱਖਾਂ ਲੋਕ ਬੇਰੁਜ਼ਗਾਰ ਹੋ ਜਾਣਗੇ। ਸਰਕਾਰ ਨੂੰ ਤੁਰੰਤ ਪ੍ਰਭਾਵ ਤੋਂ ਬਿਜਲੀ ਦੀ ਕਮੀ ਨੂੰ ਦੂਰ ਕਰਨਾ ਚਾਹੀਦਾ ਹੈ, ਤਾਂ ਕਿ ਪ੍ਰਦੇਸ਼ ਦੇ ਕਾਰੋਬਾਰੀ, ਕਿਸਾਨ ਅਤੇ ਆਮ ਜਨਤਾ ਨੂੰ ਰਾਹਤ ਮਿਲ ਸਕੇ।

# ਪਿੰਡ ਸਾਰੰਗੜਾ ਦੇ ਖੇਤਾਂ ’ਚ ਡਿੱਗਾ ਮਿਲਿਆ ਡਰੋਨ, ਪੁਲਸ ਨੇ ਲਿਆ ਕਬਜ਼ੇ ’ਚ



**ਲੋਪੋਕੇ/ਲੋਕ ਬਾਣੀ**

ਅੰਮ੍ਰਿਤਸਰ ਦਿਹਾਤੀ ਅਧੀਨ ਆਉਂਦੇ ਪੁਲਸ ਥਾਣਾ ਲੋਪੋਕੇ ਦੇ ਸਰਹੱਦੀ ਪਿੰਡ ਸਾਰੰਗੜਾ ਵਿਖੇ ਖੇਤਾਂ ਵਿੱਚ ਡਰੋਨ ਮਿਲਣ ਦਾ ਸਮਾਚਾਰ ਪ੍ਰਾਪਤ ਹੋਇਆ ਹੈ। ਜਾਣਕਾਰੀ ਦਿੰਦਿਆਂ ਡੀ.ਐੱਸ.ਪੀ ਅਟਾਰੀ ਬਲਬੀਰ ਸਿੰਘ ਅਤੇ ਥਾਣਾ ਲੋਪੋਕੇ ਦੇ ਐੱਸ.ਐੱਚ.ਓ ਨਰਿੰਦਰ ਸਿੰਘ ਨੇ ਦੱਸਿਆ ਕਿ ਉਨ੍ਹਾਂ ਨੂੰ ਸੂਚਨਾ ਮਿਲੀ ਕਿ ਖੇਤਾਂ ਵਿੱਚ ਡਰੋਨ ਡਿੱਗਾ ਹੋਇਆ ਹੈ। ਮੌਕੇ @ਤੇ ਜਾ ਕੇ ਡਰੋਨ ਨੂੰ ਕਬਜ਼ੇ ਵਿੱਚ ਲੈ ਲਿਆ ਗਿਆ ਹੈ ਅਤੇ ਤਲਾਸ਼ੀ ਅਭਿਆਨ ਸ਼ੁਰੂ ਕਰ ਦਿੱਤੀ ਗਈ ਹੈ।

ਜਾਣਕਾਰੀ ਦਿੰਦੇ ਹੋਏ ਉਨ੍ਹਾਂ ਕਿਹਾ ਕਿ ਇਸ ਸਬੰਧੀ ਜਾਂਚ ਪੜਤਾਲ ਕੀਤੀ ਜਾ ਰਹੀ ਹੈ ਕਿ ਇਹ ਡਰੋਨ ਕਿੱਥੋ ਆਇਆ ਹੈ ? ਸ਼ੱਕ ਇਹ ਵੀ ਪ੍ਰਗਟਾਇਆ ਜਾ ਰਿਹਾ ਇਹ ਡਰੋਨ ਪਾਕਿਸਤਾਨ ਤੋਂ ਆਇਆ ਹੈ। ਫਿਲਹਾਲ ਪੁਲਸ ਵੱਲੋਂ ਸਾਰੇ ਪੱਖਾਂ ਨੂੰ ਖੰਗਾਲਿਆ ਜਾ ਰਿਹਾ ਹੈ।

# ਜੀਜੇ ਨੇ ਪੈਸੇ ਦੇਣ ਤੋਂ ਇਨਕਾਰ ਕੀਤਾ ਤਾਂ ਨੌਜਵਾਨ ਨੇ ਮੂੰਹ ’ਚ ਬਿਜਲੀ ਦੀ ਤਾਰ ਪਾ ਕੇ ਕੀਤੀ ਖ਼ੁਦਕੁਸ਼ੀ

**ਨੋਇਡਾ/ਲੋਕ ਬਾਣੀ-** ਉੱਤਰ ਪ੍ਰਦੇਸ਼ ਦੇ ਨੋਇਡਾ ਸੈਕਟਰ 113 ਖੇਤਰ ਦੇ ਸਰਫਾਬਾਦ ਪਿੰਡ @ਚ ਰਹਿਣ ਵਾਲੇ ਇਕ ਨੌਜਵਾਨ ਨੇ ਪਹਿਲੇ ਆਪਣੇ ਮੂੰਹ @ਚ ਬਿਜਲੀ ਦੀ ਤਾਰ ਪਾਇਆ ਅਤੇ ਫਿਰ ਬਿਜਲੀ ਦਾ ਬਟਨ ਦਬਾ ਕੇ ਜਾਨ ਦੇ ਦਿੱਤੀ। ਨੌਜਵਾਨ ਨੇ ਆਪਣੇ ਜੀਜਾ ਤੋਂ ਇਕ ਹਜ਼ਾਰ ਰੁਪਏ ਦਾ ਉਧਾਰ ਮੰਗਿਆ ਸੀ ਪਰ ਜੀਜੇ ਦੇ ਪੈਸਾ ਦੇਣ ਤੋਂ ਇਨਕਾਰ ਕਰਨ @ਤੇ ਉਸ ਨੇ ਇਹ ਕਦਮ ਚੁੱਕਿਆ। ਉਸ ਨੂੰ ਸ਼ਨੀਵਾਰ ਸਵੇਰੇ ਬਿਜਲੀ ਦੀ ਤਾਰ ਆਪਣੇ ਮੂੰਹ @ਚ ਪਾ ਕੇ ਕਰੰਟ ਚਾਲੂ ਕਰ ਦਿੱਤਾ। ਇਸ ਘਟਨਾ @ਚ ਉਹ ਗੰਭੀਰ ਰੂਪ ਨਾਲ ਜ਼ਖ਼ਮੀ ਹੋ ਗਿਆ। ਉਸ ਨੂੰ ਇਲਾਜ ਲਈ ਜ਼ਿਲ੍ਹਾ ਹਸਪਤਾਲ @ਚ ਦਾਖ਼ਲ ਕਰਵਾਇਆ ਗਿਆ, ਜਿੱਥੇ ਡਾਕਟਰਾਂ ਨੇ ਉਸ ਨੂੰ ਮ੍ਰਿਤਕ ਐਲਾਨ ਕਰ ਦਿੱਤਾ। ਪੁਲਸ ਕਮਿਸ਼ਨਰ ਆਲੋਕ ਸਿੰਘ ਦੇ ਮੀਡੀਆ ਇੰਚਾਰਜ ਪੰਕਜ ਕੁਮਾਰ ਨੇ ਦੱਸਿਆ ਕਿ ਥਾਣਾ ਸੈਕਟਰ 113 ਖੇਤਰ ਦੇ ਸਰਫਾਬਾਦ ਪਿੰਡ @ਚ ਰਹਿਣ ਵਾਲੇ ਵਿਨੇ ਕੁਮਾਰ (24) ਪੁੱਤਰ ਗੰਗਾ ਸਿੰਘ ਨੇ ਬੀਤੀ ਰਾਤ ਆਪਣੇ ਜੀਜੇ ਤੋਂ ਇਕ ਹਜ਼ਾਰ ਰੁਪਏ ਉਧਾਰ ਮੰਗਿਆ। ਜੀਜਾ ਨੇ ਕਿਹਾ ਕਿ ਉਸ ਕੋਲ ਪੈਸੇ ਨਹੀਂ ਹਨ। ਇਸ ਗੱਲ ਤੋਂ ਨਾਰਾਜ਼ ਹੋ ਕੇ ਵਿਨੇ ਕੁਮਾਰ ਨੇ ਆਪਣੇ ਮੂੰਹ @ਚ ਬਿਜਲੀ ਦੀ ਤਾਰ ਸੁੱਟ ਕੇ ਬਟਨ ਚਾਲੂ ਕਰ ਦਿੱਤਾ। ਇਕ ਕਾਰਨ ਉਸ ਦੀ ਮੌਤ ਹੋ ਗਈ।

# ਉੱਤਰ ਪ੍ਰਦੇਸ਼: ਸੰਭਲ ’ਚ 129 ਲੋਕ ਮਿਲੇ ਹੈਪੇਟਾਈਟਿਸ-ਸੀ ਨਾਲ ਪੀੜਤ




ਉੱਤਰ ਪ੍ਰਦੇਸ਼ ਦੇ ਸੰਭਲ ਜ਼ਿਲ੍ਹੇ ਦੇ ਅਸਮੋਲੀ ਖੇਤਰ ਦੇ ਇਕ ਪਿੰਡ ’ਚ 129 ਲੋਕ ਹੈਪੇਟਾਈਟਿਸ-ਸੀ ਨਾਲ ਪੀੜਤ ਪਾਏ ਗਏ ਹਨ। ਇਸ ਤੋਂ ਬਾਅਦ ਪ੍ਰਸ਼ਾਸਨਿਕ ਅਤੇ ਸਿਹਤ ਵਿਭਾਗ ਦੇ ਅਧਿਕਾਰੀ ਸਰਗਰਮ ਹੋ ਗਏ ਹਨ। ਪ੍ਰਾਇਮਰੀ ਸਿਹਤ ਕੇਂਦਰ (ਪੀ. ਐੱਚ. ਸੀ.) ਦੇ ਡਾ. ਮਨੋਜ ਚੌਧਰੀ ਨੇ ਦੱਸਿਆ ਕਿ ਅਸੀਂ ਅਸਮੋਲੀ ਖੇਤਰ ਦੇ ਪਿੰਡ ਰਾਮਨਗਰ ’ਚ ਪਿਛਲੇ 8-10 ਦਿਨਾਂ ’ਚ ਲੋਕਾਂ ਦੀ ਸਿਹਤ ਦੀ ਜਾਂਚ ਕੀਤੀ। ਉਨ੍ਹਾਂ ਨੇ ਦੱਸਿਆ ਕਿ 233 ਲੋਕਾਂ ਦੀ ਜਾਂਚ ਕੀਤੀ ਗਈ ਹੈ, ਜਿਸ ’ਚ 129 ਲੋਕਾਂ ਦੀ ਜਾਂਚ ਰਿਪੋਰਟ ’ਚ ਹੈਪੇਟਾਈਟਿਸ-ਸੀ ਦੀ ਪੁਸ਼ਟੀ ਹੋਈ।

ਚੌਧਰੀ ਨੇ ਦੱਸਿਆ ਕਿ ਹੈਪੇਟਾਈਟਿਸ-ਸੀ ਇਕ ਵਾਇਰਲ ਲਾਗ ਹੈ, ਜੋ ਮੁੱਖ ਰੂਪ ਨਾਲ ਖ਼ੂਨ ਜ਼ਰੀਏ ਫੈਲਦਾ ਹੈ। ਉਨ੍ਹਾਂ ਨੇ ਕਿਹਾ ਕਿ ਅਸੀਂ ਲੋਕ ਇਸ ਦੀ ਜਾਂਚ ਕਰਾਂਗੇ ਕਿ ਇਹ ਕਿਸ ਵਜ੍ਹਾ ਤੋਂ ਬੀਮਾਰੀ ਫੈਲ ਰਹੀ ਹੈ। ਪਿੰਡ ਵਾਸੀਆਂ ਨੇ ਦੋਸ਼ ਲਾਇਆ ਕਿ ਕੀ ਨੇੜੇ ਸਥਿਤ ਚੀਨੀ ਮਿੱਲ ਦਾ ਪਾਣੀ ਜ਼ਮੀਨ ਦੇ ਅੰਦਰ ਆਉਣ ਨਾਲ ਇੱਥੋਂ ਦਾ ਪਾਣੀ ਪੀਲਾ ਹੋਣ ਦੀ ਵਜ੍ਹਾ ਨਾਲ ਪਿੰਡ ’ਚ ਬੀਮਾਰੀ ਫੈਲ ਰਹੀ ਹੈ।

ਹੈਪੇਟਾਈਟਿਸ-ਸੀ ਦੇ ਮਰੀਜ਼ਾਂ ਦਾ ਮਾਮਲਾ ਸਾਹਮਣੇ ਆਉਣ ਤੋਂ ਬਾਅਦ ਜ਼ਿਲ੍ਹਾ ਅਧਿਕਾਰੀ ਮਨੀਸ਼ ਬੰਸਲ ਨੇ ਦੱਸਿਆ ਕਿ ਇਹ ਬੀਮਾਰੀ ਵਾਇਰਲ ਡਿਜੀਜ਼ ਹੈ ਅਤੇ ਇਸ ਨਾਲ ਪਾਣੀ ਦਾ ਕੋਈ ਲੈਣਾ-ਦੇਣਾ ਨਹੀਂ ਹੈ। ਹਾਲਾਂਕਿ ਬੰਸਲ ਨੇ ਕਿਹਾ ਕਿ ਪਿੰਡ ’ਚ ਸਾਫ ਪੀਣ ਵਾਲੇ ਪਾਣੀ ਦੀ ਵਿਵਸਥਾ ਦਾ ਨਿਰਦੇਸ਼ ਦਿੱਤਾ ਗਿਆ ਹੈ। ਜ਼ਿਲ੍ਹਾ ਅਧਿਕਾਰੀ ਨੇ ਕਿਹਾ ਕਿ ਸਬੰਧਤ ਅਧਿਕਾਰੀਆਂ ਨੂੰ ਹੈਪੇਟਾਈਟਿਸ-ਸੀ ਨਾਲ ਪੀੜਤ ਲੋਕਾਂ ਦਾ ਉੱਚਿਤ ਇਲਾਜ ਯਕੀਨੀ ਕਰਨ ਲਈ ਕਿਹਾ ਗਿਆ ਹੈ। ਉਨ੍ਹਾਂ ਨੇ ਦੱਸਿਆ ਕਿ ਪ੍ਰਦੂਸ਼ਣ ਕੰਟਰੋਲ ਬੋਰਡ ਪਹਿਲਾਂ ਤੋਂ ਹੀ ਭੂਮੀਗਤ ਪਾਣੀ ਦੇ ਪ੍ਰਦੂਸ਼ਣ ਦੇ ਮਾਮਲੇ ਦੀ ਜਾਂਚ ’ਚ ਲੱਗਾ ਹੈ ਅਤੇ ਪੂਰੀ ਜਾਂਚ ਇਕ ਹਫ਼ਤੇ ’ਚ ਆ ਜਾਵੇਗੀ।

# ਜਗਾੜੂ ਰੇਹੜੀ ਵਾਲਿਆਂ ਦੀ ਰੋਟੀ ਤੇ ਲੱਤ ਮਾਰਨ ਪਹਿਲਾਂ ਉਨ੍ਹਾਂ ਲਈ ਰੁਜਗਾਰ ਦਾ ਪ੍ਰਬੰਧ ਕਰੇ ਸਰਕਾਰ : ਬਾਜਵਾ

**ਭੁਲੱਥ/ਧਵਨ**

ਬੀਤੇ ਦਿਨ ਵਧੀਕ ਡਾਇਰੈਕਟਰ ਜਨਰਲ ਪੁਲਿਸ ਟਰੈਫ਼ਿਕ ਪੰਜਾਬ ਸਮੂਹ ਵਲੋਂ ਪੁਲਿਸ ਕਮਿਸ਼ਨਰਾਂ ਅਤੇ ਸੂਬਾ ਭਰ ਦੇ ਜ਼ਿਲ੍ਹਾ ਪੁਲਿਸ ਮੁਖੀਆਂ ਨੂੰ ਮੋਟਰਸਾਈਕਲ (ਜਗਾੜੂ) ਰੇਹੜੀਆਂ ਖ਼ਿਲਾਫ਼ ਬਣਦੀ ਕਾਰਵਾਈ ਅਮਲ @ਚ ਲਿਆਉਣ ਲਈ ਲਿਖੇ ਗਏ ਪੱਤਰ ਕਾਰਨ ਆਪਣਾ ਪਰਿਵਾਰ ਪਾਲ ਰਹੇ ਇਨ੍ਹਾਂ ਰੇਹੜੀ ਚਾਲਕਾਂ @ਚ ਖਲਬਲੀ ਮੱਚ ਗਈ ਹੈ ਅਤੇ ਸਰਕਾਰ ਦੇ ਇਸ ਹੁਕਮ ਨੇ ਰੇਹੜੀਆਂ ਚਾਲਕਾਂ ਦੀ ਅੱਖਾਂ ਨੰਮ੍ਹ ਕਰ ਦਿੱਤੀਆਂ ਹਨ। ਇਸ ਬਾਰੇ ਆਪਣਾ ਪ੍ਰਤੀਕਰਮ ਦਿੰਦੇ ਹਲਕਾ ਭੁਲੱਥ ਤੋ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੇ ਵਰਕਰ ਗੁਰਵਿੰਦਰ ਸਿੰਘ ਬਾਜਵਾ ਨੇ ਕਿਹਾ ਕਿ ਸਰਕਾਰ ਨੂੰ ਜਗਾੜੂ ਰੇਹੜੀ ਵਾਲਿਆਂ ਦੀ ਰੋਟੀ ਤੇ ਲੱਤ ਮਾਰਨ ਤੋਂ ਪਹਿਲਾ ਉਨ੍ਹਾਂ ਲਈ ਰੁਜਗਾਰ ਦਾ ਪ੍ਰਬੰਧ ਕਰਨਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਇਕ ਪਾਸੇ ਤਾਂ ਸਰਕਾਰ ਸੂਬੇ @ਚ ਨੌਜਵਾਨ ਨੂੰ ਰੁਜਗਾਰ ਦੇਣ ਦੇ ਵੱਡੇ-ਵੱਡੇ ਵਾਅਦੇ ਕਰ ਰਹੀ ਹੈ ਦੂਜੇ ਪਾਸੇ ਰੇਹੜੀਆਂ ਜ਼ਰੀਏ ਆਪਣੇ ਬੱਚਿਆਂ ਦਾ ਢਿੱਡ ਭਰ ਰਹੇ ਰੇਹੜੀ ਚਾਲਕਾਂ ਨੂੰ ਬੇਰੁਜ਼ਗਾਰ ਕਰਨ @ਤੇ ਤੁਲੀ ਹੋਈ ਹੈ। ਬਾਜਵਾ ਨੇ ਕਿਹਾ ਕਿ ਪੰਜਾਬ ਦੇ ਹਲਾਤਾਂ ਤੋ ਸਰਕਾਰ ਚੰਗੀ ਤਰਾ ਜਾਣੂ ਹੈ ਕਿ



ਮਹਿੰਗਾਈ ਦੇ ਦੋਰ 'ਚ ਲੋਕ ਕਿਵੇ ਆਪਣਾ ਢਿੱਡ ਭਰ ਰਹੇ ਹਨ, ਅਜਿਹੇ ਚ' ਇਸ ਤਰਾਂ ਦੇ ਹੁਕਮ ਕਰਕੇ ਰੇਹੜੀ ਚਾਲਕਾਂ ਦਾ ਤ੍ਰਾਅ ਕੱਢ ਰਹੇ ਹਨ। ਬਾਜਵਾ ਨੇ ਕਿਹਾ ਸਰਕਾਰ ਨੂੰ ਭਾਰ ਵਾਲੀ ਗੱਡੀਆਂ ਦੀ ਟੈਕਸ ਮਾਤਰਾ ਘੱਟ ਕਰਨੀ ਚਾਹੀਦੀ ਹੈ, ਕਿਉਂਕਿ ਲੋਕਲ ਗੇੜੇ ਜਗਾੜੂ ਰੇਹੜੀਆਂ ਕਰਕੇ ਉਨ੍ਹਾਂ ਦੇ ਘੱਟ ਲੱਗਦੇ ਹਨ। ਭਾਰ ਵਾਲੀ ਗੱਡੀਆਂ ਦੇ ਮਾਲਕ ਚਾਲਕ ਵੀ ਇਸੇ ਕਰਕੇ ਕਲਪਦੇ ਹਨ, ਉਹ ਕਰੀਬ ਸੱਤ ਹਜਾਰ ਰੁਪਏ ਟੈਕਸ ਅਦਾ ਕਰਦੇ, ਫਿਰ ਪਾਸਿੰਗ, ਪਰਮਿੰਟ, ਇਨਸੋਰੈਂਸ, ਟੋਲ ਟੈਕਸ ਦਾ ਭੁਗਤਾਨ ਕਰਨਾ ਪੈਂਦਾ ਹੈ ਇਸ ਕਰਕੇ ਸਰਕਾਰ ਵੱਲੋਂ ਵੱਧ ਵਸੂਲਿਆਂ ਜਾਦਾ ਟੈਕਸ ਮਾਤਰਾ ਘੱਟ ਹੋਣੀ ਚਾਹੀਦੀ ਹੈ ਅਤੇ ਇਨ੍ਹਾਂ ਰੇਹੜੀਆਂ ਨੂੰ ਮਾਨਤਾ ਦੇਣੀ ਚਾਹੀਦੀ ਹੈ। ਬਾਜਵਾ ਨੇ ਇਕ ਭਵਿੱਖ ਬਾਣੀ ਕਰਦੇ ਕਿਹਾ ਕਿ ਸਰਕਾਰ ਨੂੰ ਪਤਾ ਕਿ ਇਹ ਰਿਕਸ਼ੇ ਬਣਾਉਣ ਤੇ ਚੱਲਣ ਦੀ ਪ੍ਰਕਿਰਿਆ ਪੰਜਾਬ ਵਿੱਚ ਤੇਜ ਹੈ, ਇਸ ਲਈ ਜਲਦ ਸਰਕਾਰ ਕਿਸੇ ਕੰਪਨੀ ਨਾਲ ਸਮਝੌਤਾ ਕਰਕੇ ਕੰਪਨੀ ਮਾਰਕਾ ਦੇ ਨਾਲ ਆਰ.ਟੀ.ਓ. ਸੜਕ ਮਾਰਗ ਆਵਾਜਾਈ ਯੋਜਨਾ ਤਹਿਤ ਇਸੇ ਤਰਾਂ ਦੀ ਰੇਹੜੀਆਂ ਬਜਾਰ ਚ' ਪੇਸ਼ ਕਰੇਗੀ ਤੇ ਮਹਿੰਗੇ ਮੁੱਲ ਵਿੱਚ ਸਾਨੂੰ ਇਹ ਜਗਾੜੂ ਰੇਹੜੀਆਂ ਵੇਚ ਕੇ ਮਾਲੀਆਂ ਇੱਕਠਾ ਕਰੇਗੀ ਅਤੇ ਆਪਣੇ ਕਾਰੋਬਾਰੀ ਵੱਡੇ ਘਰਾਣਿਆਂ ਵਾਲੇ ਮਿੱਤਰਾਂ ਦਾ ਕਾਰੋਬਾਰ ਵਧਾਏਗੀ। ਅਖੀਰ ਉਨ੍ਹਾਂ ਕਿਹਾ ਕਿ ਸਰਕਾਰ ਨੂੰ ਰੇਹੜੀਆਂ ਬੰਦ ਕਰਨ ਤੋ ਪਹਿਲਾ ਇਨ੍ਹੇ ਦੇ ਰੁਜਗਾਰ ਬਾਰੇ ਪ੍ਰਬੰਧ ਕਰਨਾ ਚਾਹੀਦਾ ਹੈ ਨਹੀ ਤਾਂ ਬੇਰੁਜਗਾਰੀ ਕਰਕੇ ਸਰਕਾਰ ਖਿਲਾਫ ਜਨਤਾ ਦੀ ਨਫਰਤ ਵਧੇਗੀ ਅਤੇ ਸਰਕਾਰ ਤੋਂ ਰੇਹੜੀ ਚਾਲਕਾਂ ਦੀ ਕਮਾਈ ਦਾ ਇੱਕੋ-ਇਕ ਸਾਧਨ ਇਨ੍ਹਾਂ ਮੋਟਰਸਾਈਕਲ ਰੇਹੜੀਆਂ ਨੂੰ ਬੰਦ ਨਾਂ ਕਰਨ ਦੀ ਮੰਗ ਕੀਤੀ।

# ਮਾਮੂਲੀ ਤਕਰਾਰ ਨੂੰ ਲੈ ਕੇ ਪਿੰਡ ਗੁੰਨੋਪੁਰ 'ਚ ਹੋਈ ਅੰਨ੍ਹੇਵਾਹ ਫਾਇਰਿੰਗ, ਬਾਲ-ਬਾਲ ਬਚੇ ਨੌਜਵਾਨ



**ਗੁਰਦਾਸਪੁਰ/ਨਵਨੀਤ ਕੁਮਾਰ**- ਬੀਤੀ ਦੇਰ ਸ਼ਾਮ ਨੂੰ ਗੁਰਦਾਸਪੁਰ ਦੇ ਪਿੰਡ ਗੁਨੋਪੁਰ ਵਿਚ ਉਸੇ ਸਮੇਂ ਮਾਹੌਲ ਤਣਾਵਪੂਰਨ ਹੋ ਗਿਆ, ਜਦ ਪਿੰਡ ਦੇ ਇੱਕ ਵਿਅਕਤੀ ਨੇ ਛੋਟੀ ਜਿਹੀ ਤਕਰਾਰ ਪਿੱਛੋਂ ਕੁਝ ਨੌਜਵਾਨਾਂ 'ਤੇ ਤਾਬੜ ਤੋੜ ਗੋਲੀਆਂ ਚਲਾ ਦਿੱਤੀਆਂ। ਇਸ ਘਟਨਾ ਤੋਂ ਬਾਅਦ ਇਲਾਕੇ ਦੇ ਲੋਕਾਂ ਨੇ ਗੁੱਸੇ ਵਿੱਚ ਆ ਕੇ ਵਿਅਕਤੀ ਪ੍ਰਦੀਪ ਕੁਮਾਰ ਅਤੇ ਉਸ ਦੇ ਪਿਤਾ ਨਰੇਸ਼ ਕੁਮਾਰ ਨੂੰ ਦੁਕਾਨ ਅੰਦਰ ਡੱਕ ਦਿੱਤਾ। ਭੜਕੀ ਹੋਈ ਭੀੜ ਨੇ ਪ੍ਰਦੀਪ ਕੁਮਾਰ ਦੀ ਮੋਪਿਡ ਵੀ ਅੱਗ ਹਵਾਲੇ ਕਰ ਦਿੱਤਾ। ਇਸ ਦੌਰਾਨ ਕੁਝ ਲੋਕਾਂ ਨੇ ਦੱਸਿਆ ਕਿ ਪ੍ਰਦੀਪ ਕੁਮਾਰ ਵੱਲੋਂ ਕੀਤੀ ਫਾਈਰਿੰਗ ਦੌਰਾਨ ਕੋਈ ਜ਼ਖ਼ਮੀ ਨਹੀਂ ਹੋਇਆ ਪਰ ਗੋਲੀ ਸੜਕ @ਤੇ ਖੜੀ ਇਕ ਸਕੂਟਰੀ ਨੂੰ ਜਾ ਲੱਗੀ। ਇਸ ਸਬੰਧੀ ਜਾਣਕਾਰੀ ਦਿੰਦਿਆਂ ਪੀੜਤ ਨੌਜਵਾਨਾਂ ਨੇ ਦੱਸਿਆ ਕਿ ਪ੍ਰਦੀਪ ਕੁਮਾਰ ਆਪਣੇ ਪਿਤਾ ਨਰੇਸ਼ ਕੁਮਾਰ ਦੀ ਦੁਕਾਨ ਉੱਤੇ ਗੁਨੋਪੁਰ ਅੱਡੇ ਵਿਚ ਆਪਣੀ ਮੋਪਿਡ @ਤੇ ਬੈਠਾ ਸ਼ਰਾਬ ਪੀ ਰਿਹਾ ਸੀ। ਇਸ ਦੌਰਾਨ ਕਿਸੇ ਗੱਲ ਨੂੰ ਲੈ ਕੇ ਉਨ੍ਹਾਂ ਦੀ ਤਕਰਾਰ ਹੋ ਗਈ। ਤਕਰਾਰ ਦੌਰਾਨ ਪ੍ਰਦੀਪ ਨੇ ਆਪਣੇ ਲਾਇਸੈਂਸੀ ਅਸਲ੍ਹੇ ਨਾਲ ਉਨ੍ਹਾਂ 'ਤੇ ਤਾਬੜਤੋੜ ਗੋਲੀਆਂ ਚਲਾ ਦਿੱਤੀਆਂ ਪਰ ਖੁਸ਼ਕਿਸਮਤੀ ਨਾਲ ਉਹ ਬਚ ਗਏ। ਇਸ ਉਪਰੰਤ ਭੜਕੇ ਹੋਏ ਲੋਕਾਂ ਨੇ ਪ੍ਰਦੀਪ ਕੁਮਾਰ ਅਤੇ ਉਸ ਦੇ ਪਿਤਾ ਨਰੇਸ਼ ਕੁਮਾਰ ਨੂੰ ਉਨ੍ਹਾਂ ਦੀ ਦੁਕਾਨ 'ਤੇ ਘੇਰ ਲਿਆ ਅਤੇ ਬੰਦ ਕਰ ਦਿੱਤਾ। ਥਾਣਾ ਭੈਣੀ ਮੀਆਂ ਖਾਂ @ਚ ਤਾਇਨਾਤ ਐੱਸ.ਐੱਚ.ਓ ਮੇਜਰ ਸਿੰਘ ਨੇ ਦੱਸਿਆ ਕਿ ਪਰਦੀਪ ਕੁਮਾਰ ਖ਼ਿਲਾਫ਼ ਪਹਿਲਾ ਵੀ ਕਈ ਮਾਮਲੇ ਦਰਜ ਹਨ।

# ਜਲੰਧਰ ਸ਼ਹਿਰ 'ਚ ਚੰਡੀਗੜ੍ਹ ਪੈਟਰਨ ਲਾਗੂ ਕਰਨ ਬਾਰੇ ਵਿਚਾਰ ਕਰ ਰਹੀ ਟਰੈਫਿਕ ਪੁਲਸ



**ਜਲੰਧਰ/ਲੋਕ ਬਾਣੀ**

ਸ਼ਹਿਰ 'ਚ ਚੰਡੀਗੜ੍ਹ ਪੈਟਰਨ 'ਤੇ ਟਰੈਫਿਕ ਵਿਵਸਥਾ ਨੂੰ ਲਾਗੂ ਕਰਨ ਦੀ ਵਿਉਂਤਬੰਦੀ ਚੱਲ ਰਹੀ ਹੈ। ਹਾਲ ਹੀ ਵਿਚ ਸੀ. ਪੀ. ਨੇ ਟਰੈਫਿਕ ਪੁਲਸ ਨੂੰ ਜਾਮ ਲੱਗਣ ਦੇ ਪੁਆਇੰਟਾਂ, ਕਾਰਨਾਂ ਅਤੇ ਸੁਝਾਵਾਂ ਦੀ ਸੂਚੀ ਤਿਆਰ ਕਰਨ ਲਈ ਕਿਹਾ, ਜੋਕਿ ਟ੍ਰੈਫਿਕ ਪੁਲਸ ਨੇ ਤਿਆਰ ਕਰਕੇ ਸੀ. ਪੀ. ਨੂੰ ਸੌਂਪ ਦਿੱਤਾ ਹੈ। ਸੂਚੀ ਵਿਚ ਜਾਮ ਦਾ ਕਾਰਨ ਨਾਜਾਇਜ਼ ਕਬਜ਼ੇ, ਨਾਜਾਇਜ਼ ਪਾਰਕਿੰਗ, ਗਲਤ ਤਰੀਕੇ ਨਾਲ ਪਾਰਕ ਕੀਤੇ ਵਾਹਨ, ਟੁੱਟੀਆਂ ਸੜਕਾਂ, ਭਾਰੀ ਵਾਹਨਾਂ ਦੀ ਆਵਾਜਾਈ ਨੂੰ ਦੱਸਿਆ ਗਿਆ ਹੈ। ਮੁਲਾਜ਼ਮਾਂ ਦੀ ਘਾਟ ਨੂੰ ਪੂਰਾ ਕਰਕੇ ਨਿਗਮ ਨਾਲ ਤਾਲਮੇਲ ਵਧਾ ਕੇ ਕਬਜ਼ੇ ਹਟਾਉਣ ਦੇ ਸੁਝਾਅ ਦਿੱਤੇ ਗਏ ਹਨ ਅਤੇ ਕਾਨੂੰਨੀ ਕਾਰਵਾਈ ਵੀ ਕੀਤੀ ਜਾਵੇ।

ਸਰਵੇ ਕਰਕੇ ਟਰੈਫਿਕ ਪੁਲਸ ਦੀ ਤਿਆਰ ਕੀਤੀ ਗਈ ਸੂਚੀ ਵਿਚ ਲਿਖਿਆ ਗਿਆ ਸੀ ਕਿ ਬੀ. ਐੱਸ. ਐੱਫ. ਚੌਕ 'ਤੇ ਬੱਸ ਅੱਡੇ ਤੋਂ ਪੀ. ਏ. ਪੀ. ਚੌਕ ਤੱਕ ਆਉਣ ਵਾਲੇ ਵਾਹਨਾਂ ਦੇ ਤੇਜ਼ ਫਲੋਅ ਕਾਰਨ ਜਾਮ ਲੱਗ ਜਾਂਦਾ ਹੈ। ਸੁਝਾਅ ਵਿਚ ਕਿਹਾ ਗਿਆ ਕਿ ਇਸ ਦੇ ਸਥਾਈ ਹੱਲ ਲਈ ਪੀ. ਏ. ਪੀ. ਚੌਕ ਤੋਂ ਬੀ. ਐੱਸ. ਐੱਫ. ਚੌਕ ਤੱਕ ਦੋਵੇਂ ਪਾਸੇ ਨਵੀਂ ਲੇਨ ਬਣਾਈ ਜਾਵੇ। ਆਰਮੀ ਕੈਂਪਸ ਦੇ ਬਾਹਰਲੇ ਪਾਸੇ ਖੜ੍ਹੀਆਂ ਬੱਸਾਂ ਵੀ ਟਰੈਫਿਕ ਜਾਮ ਦਾ ਕਾਰਨ ਬਣਦੀਆਂ ਹਨ। ਇਸ ਤੋਂ ਇਲਾਵਾ ਰਾਮਾ ਮੰਡੀ-ਹੁਸ਼ਿਆਰਪੁਰ ਰੋਡ 4 ਲੇਨ ਹੈ ਜਦਕਿ ਰਾਮਾ ਮੰਡੀ ਚੌਕ ਵਿਖੇ ਰੇਲਵੇ ਓਵਰਬ੍ਰਿਜ 2 ਲੇਨ ਹੈ। ਇਸ ਕਾਰਨ ਓਵਰਬ੍ਰਿਜ 'ਤੇ ਜਾਮ ਲੱਗਦਾ ਹੈ। ਸੁਝਾਅ ਦਿੱਤਾ ਕਿ ਏ. ਡੀ. ਜੀ. ਪੀ. ਪੀ. ਏ. ਪੀ. ਨੂੰ ਪੱਤਰ ਲਿਖ ਕੇ ਰੌਂਗ ਸਾਈਡ 'ਤੇ ਜਾਣ ਦੀ ਪਾਬੰਦੀ ਲਗਾਈ ਜਾਵੇ। ਐਲੀਮੈਂਟਰੀ ਸਕੂਲ ਦੇ ਸਾਹਮਣਿਓਂ ਕਬਜ਼ੇ ਹਟਾ ਕੇ ਸਲੀਪ ਰੋਡ ਨੂੰ ਖਾਲੀ ਕਰਵਾਇਆ ਜਾਵੇ। ਇਹ ਵੀ ਕਿਹਾ ਗਿਆ ਕਿ ਰੇਲਵੇ ਓਵਰਬ੍ਰਿਜ ਨੂੰ ਚਾਰ ਮਾਰਗੀ ਬਣਾਇਆ ਜਾਵੇ। ਚੁਗਿੱਟੀ ਚੌਕ 'ਤੇ ਨੈਸ਼ਨਲ ਹਾਈਵੇਅ 'ਤੇ ਵੱਡੇ ਵਾਹਨਾਂ ਦੇ ਪਲਟਣ ਜਾਂ ਖ਼ਰਾਬ ਹੋਣ ਕਾਰਨ ਜਾਮ ਲੱਗ ਜਾਂਦਾ ਹੈ। ਪ੍ਰਾਈਵੇਟ ਕਰੇਨ ਲੈਣ ਵਿਚ ਕਾਫ਼ੀ ਸਮਾਂ ਲੱਗ ਜਾਂਦਾ ਹੈ। ਅਜਿਹੇ 'ਚ ਚੌਕ 'ਤੇ ਹੀ 24 ਘੰਟੇ ਇਕ ਕਰੇਨ ਖੜ੍ਹੀ ਕੀਤੀ ਜਾਵੇ ਤਾਂ ਜੋ ਵਾਹਨ ਨੂੰ ਤੁਰੰਤ ਹਟਾਇਆ ਜਾ ਸਕੇ।

ਲੰਮਾ ਪਿੰਡ ਚੌਕ ਲਾਈਟਾਂ ਬੰਦ ਹੋਣ ਕਾਰਨ ਜਾਮ ਲੱਗਾ ਰਹਿੰਦਾ ਹੈ, ਲਾਈਟ ਰਿਪੇਅਰ ਕੀਤੀ ਜਾ ਸਕਦੀ ਹੈ। ਪਠਾਨਕੋਟ ਚੌਕ ਤੋਂ ਲੰਮਾ ਪਿੰਡ ਚੌਕ ਨੂੰ ਆਉਣ ਵਾਲੀ ਟਰੈਫਿਕ ਦਾ ਵਹਾਅ ਜ਼ਿਆਦਾ ਰਹਿੰਦਾ ਹੈ, ਜਿਸ ਕਾਰਨ ਸ਼ਹਿਰ ਨੂੰ ਜਾਣ ਵਾਲੀ ਸੜਕ ਜਾਮ ਰਹਿੰਦੀ ਹੈ। ਇਸ ਲਈ ਤਿੰਨ ਮਾਰਗੀ ਸਰਵਿਸ ਲੇਨ ਦੀ ਲੋੜ ਹੈ। ਵਾਈ. ਪੁਆਇੰਟ ਭਗਤ ਸਿੰਘ ਕਾਲੋਨੀ ਅਤੇ ਮਕਸੂਦ ਫਲਾਈਓਵਰ 'ਤੇ ਭਾਰੀ ਆਵਾਜਾਈ ਕਾਰਨ ਵੇਰਕਾ ਮਿਲਕ ਪਲਾਂਟ ਚੌਕ ਤੋਂ ਲੋਕ ਗਲਤ ਦਿਸ਼ਾ ਵੱਲ ਗੱਡੀ ਚਲਾਉਂਦੇ ਹਨ, ਜਿਸ ਕਾਰਨ ਟਰੈਫਿਕ ਜਾਮ ਵੀ ਹੋ ਜਾਂਦਾ ਹੈ। ਇਹ ਸੁਝਾਅ ਦਿੱਤਾ ਗਿਆ ਸੀ ਕਿ ਫਲਾਈਓਵਰ ਦੇ ਸਾਹਮਣੇ ਨੈਸ਼ਨਲ ਹਾਈਵੇਅ 'ਤੇ ਵੱਡਾ ਅੰਡਰਪਾਸ ਬਣਾਇਆ ਜਾਵੇ। ਵੇਰਕਾ ਮਿਲਕ ਪਲਾਂਟ ਵਿਖੇ ਅੰਡਰਪਾਸ ਦੀ ਚੌੜਾਈ ਘੱਟ ਹੋਣ ਕਾਰਨ ਸਮੇਂ-ਸਮੇਂ 'ਤੇ ਜਾਮ ਲੱਗ ਜਾਂਦਾ ਹੈ। ਅਜਿਹੇ ਵਿਚ ਅੰਡਰਪਾਸ ਦੀ ਚੌੜਾਈ ਵਧਾਈ ਜਾਵੇ।

# ਕਿਸਾਨ ਫਸਲ ਦੀ ਰਹਿੰਦ-ਖੂੰਹਦ ਨੂੰ ਅੱਗ ਨਾ ਲਗਾਉਣ-ਨਾੜ ਤੋਂ ਤੂੜੀ ਬਣਾ ਕੇ ਚੋਖੀ ਆਮਦਨ ਪ੍ਰਾਪਤ ਕੀਤੀ ਜਾ ਸਕਦੀ ਹੈ- ਡਾ. ਰਣਧੀਰ ਠਾਕੁਰ, ਖੇਤੀਬਾੜੀ ਅਫਸਰ ਗੁਰਦਾਸਪੁਰ

**ਗੁਰਦਾਸਪੁਰ/ਨਵਨੀਤ ਕੁਮਾਰ**



ਖੇਤੀਬਾੜੀ ਅਫਸਰ ਗੁਰਦਾਸਪੁਰ ਡਾ. ਰਣਧੀਰ ਠਾਕੁਰ ਨੇ ਕਿਸਾਨਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਜ਼ਿਲ੍ਹੇ ਅੰਦਰ ਜ਼ਿਆਦਾਤਰ ਕਿਸਾਨਾਂ ਵਲੋਂ ਕਣਕ ਦੀ ਫਸਲ ਸੰਭਾਲ ਲਈ ਗਈ ਹੈ, ਇਸ ਲਈ ਕਿਸਾਨ ਵੀਰ ਕਣਕ ਦੇ ਨਾੜ ਤੇ ਫਸਲ ਦੇ ਰਹਿੰਦ ਨੂੰ ਅੱਗ ਨਾ ਲਗਾਉਣ। ਉਨਾਂ ਕਿਹਾ ਕਿ ਵਾਤਾਵਰਣ ਨੂੰ ਸਾਫ ਸੁਥਰਾ ਰੱਖਣ ਅਤੇ ਅਗਲੀ ਪੀੜੀ ਦੇ ਬਿਹਤਰ ਭਵਿੱਖ ਲਈ ਨਾੜ ਨੂੰ ਅੱਗ ਨਾ ਲਗਾਈ ਜਾਵੇ ਤੇ ਝੋਨੇ ਦੀ ਸਿੱਧੀ ਬਿਜਾਈ ਨੂੰ ਤਰਜੀਹ ਦਿੱਤੀ ਜਾਵੇ। ਉਨਾਂ ਦੱਸਿਆ ਕਿ ਨਾੜ ਨੂੰ ਅੱਗ ਲਗਾਉਣ ਨਾਲ ਜਿਥੇ ਜ਼ਮੀਨ ਦੀ ਉਪਜਾਊ ਸ਼ਕਤੀ ਘੱਟਦੀ ਹੈ, ਓਥੇ ਮਿੱਤਰ ਕੀੜੇ ਵੀ ਨਸ਼ਟ ਹੋ ਜਾਂਦੇ ਹਨ।

ਖੇਤੀਬਾੜੀ ਅਫਸਰ ਗੁਰਦਾਸਪੁਰ ਨੇ ਅੱਗੇ ਦੱਸਿਆ ਕਿ ਕਣਕ ਦੇ ਨਾੜ ਨੂੰ ਅੱਗ ਲਗਾਉਣ ਦੀ ਬਜਾਇ ਇਸ ਦੀ ਤੂੜੀ ਬਣਾ ਕੇ ਇਸ ਨਾਲ ਵਾਧੂ ਆਮਦਨ ਵੀ ਪ੍ਰਾਪਤ ਕੀਤੀ ਜਾ ਸਕਦੀ ਹੈ। ਉਨਾਂ ਦੱਸਿਆ ਕਿ ਜ਼ਿਲੇ ਗੁਰਦਾਸਪੁਰ ਵਿਖੇ ਕਈ ਅਗਾਂਹਵਧੂ ਕਿਸਾਨ ਪਿਛਲੇ ਕਈ ਸਾਲਾਂ ਤੋਂ ਫਸਲ ਦੀ ਰਹਿੰਦ-ਖੂੰਹਦ ਨਹੀਂ ਸਾੜ ਰਹੇ ਹਨ, ਜਿਸ ਨਾਲ ਜਿਥੇ ਉਨਾਂ ਦੀ ਫਸਲ ਦਾ ਝਾੜ ਵਧਿਆ ਹੈ ਓਥੇ ਧਰਤੀ ਦੀ ਉਪਜਾਊ ਸ਼ਕਤੀ ਵੀ ਵੱਧੀ ਹੈ। ਨਾਲ ਹੀ ਉਨਾਂ ਕਿਹਾ ਕਿ ਕਿਸਾਨ ਖੇਤੀ ਦੇ ਨਵੇਂ ਸੰਦਾਂ ਹੈਪੀਸੀਡਰ, ਰੋਟਾਵੇਟਰ ਤੇ ਮਲਚਰ ਆਦਿ ਦੀ ਵਰਤੋਂ ਕਰਨ ਅਤੇ ਫਸਲ ਦੀ ਰਹਿੰਦ-ਖੂੰਹਦ ਨੂੰ ਪੈਲੀ ਵਿਚ ਵਾਹ ਕੇ ਅਗਲੀ ਫਸਲ ਬੀਜਣ।

ਉਨਾਂ ਦੱਸਿਆ ਕਿ ਝੋਨੇ ਦੀ ਸਿੱਧੀ ਬਿਜਾਈ ਦੀ ਗੱਲ ਕਰਦਿਆਂ ਦੱਸਿਆ ਕਿ ਇਸ ਨਾਲ ਫਸਲ ਦਾ ਕੱਦ ਜ਼ਿਆਦਾ ਵੱਧਦਾ ਨਹੀਂ ਹੈ, ਜਿਸ ਨਾਲ ਮੀਂਹ ਹਨੇਰੀ ਵਿਚ ਫਸਲ ਦਾ ਡਿੱਗਣ ਦਾ ਡਰ ਨਹੀਂ ਰਹਿੰਦਾ ਤੇ ਨਾ ਹੀ ਬਹੁਤੀ ਪਰਾਲੀ ਦੀ ਖੱਪਾਈ ਰਹਿੰਦੀ ਹੈ। ਉਨਾਂ ਅਪੀਲ ਕੀਤੀ ਕਿ ਉਹ ਝੋਨੇ ਦੀ ਸਿੱਧੀ ਬਿਜਾਈ ਜਰੂਰ ਕਰਨ ਅਤੇ ਹੋਰ ਫਸ਼ਲਾਂ ਦੇ ਸਹਾਇਕ ਧੰਦੇ ਵੀ ਅਪਣਾਉਣ। ਉਨਾਂ ਕਿਹਾ ਕਿ ਕਿਸਾਨ ਵੀਰ ਝੋਨੇ ਦੀ ਸਿੱਧੀ ਬਿਜਾਈ ਸਬੰਧੀ ਜਾਣਕਾਰੀ ਲੈਣ ਲਈ ਆਪਣੇ ਨੇੜਲੇ ਖੇਤੀਬਾੜੀ ਵਿਭਾਗ ਦੇ ਦਫਤਰ ਜਾਂ ਮੁੱਖ ਖੇਤੀਬਾੜੀ ਦਫਤਰ ਗੁਰਦਾਸਪੁਰ ਵਿਖੇ ਸੰਪਰਕ ਕਰ ਸਕਦੇ ਹਨ।

# ਸ਼ਾਂਤੀ ਦੇਵੀ ਕਾਲਜ ’ਚ ਪ੍ਰਿਥਵੀ ਦਿਵਸ ਮਨਾਇਆ ਗਿਆ




**ਦੀਨਾਨਗਰ/ਡਾ.ਰਮੇਸ਼ ਸਰੰਗਲ:** ਸ਼ਾਤੀ ਦੇਵੀ ਆਰੀਆ ਮਹਿਲਾ ਕਾਲਜ ਦੀਨਾਨਗਰ ਚ ਵਿਗਿਆਨ ਐਨ ਐਸ ਐਸ ਅਤੇ ਐਨ ਸੀ ਸੀ ਵਿਭਾਗਾਂ ਦੁਆਰਾ ਪ੍ਰਿੰਸੀਪਲ ਡਾ ਰੀਨਾ ਤਲਵਾੜ ਨੇ ਕੁਸ਼ਲ ਮਾਰਗ ਦਰਸ਼ਨ ਚ ਇੱਕ ਭਾਰਤ ਸ੍ਰੇਸ਼ਟ ਭਾਰਤ ਦੇ ਅੰਦਰ ਪ੍ਰਿਥਵੀ ਦਿਵਸ ਮਨਾਇਆ ਗਿਆ। ਪ੍ਰਿਥਵੀ ਦਿਵਸ 2022 ਦਾ ਵਿਸ਼ਾ ਸਾਡੇ ਗ੍ਰਹਿ ਵਿਚ ਨਿਵੇਸ਼ ਸੀ। ਇਸ ਦੋਰਾਨ ਵਿਦਿਆਰਥਣਾਂ ਨੇ ਪੋਸਟਰ ਸਲੋਗਨ ਅਤੇ ਕੋਲਾਜ ਬਣਾ ਕੇ ਉਤਸ਼ਾਹ ਪੂਰਵਕ ਭਾਗ ਲਿਆ। ਪ੍ਰਿਥਵੀ ਦਿਵਸ਼ ਦਾ ਸ਼ੰਦੇਸ਼ ਪ੍ਰਦੂਸ਼ਣ, ਜੰਗਲ ਦੀ ਕਟਾਈ ਅਤੇ ਗਲੋਬਲ ਵਾਰਮਿੰਗ ਸਹਿਤ ਵਿਸ਼ਿਆ ਦੇ ਬਾਰੇ ਜਾਗਰੂਕ ਕਰਨਾ ਸੀ। ਪ੍ਰਿੰ ਡਾ ਰੀਨਾ ਤਲਵਾੜ ਨੇ ਦੱਸਿਆ ਕਿ ਪ੍ਰਿਥਵੀ ਦਿਵਸ ਦਾ ਤਿਉਹਾਰ ਪ੍ਰਾਇਆਵਰਨ ਵੱਲ ਧਿਆਨ ਖਿੱਚਦਾ ਹੈ। ਉਨਾਂ ਕਿਹਾ ਕਿ ਜਲਵਾਯੂ ਸੰਕਟ ਦੇ ਬਾਰੇ ਜਾਗਰੂਕਤਾ ਵਧਾਉਣਾ ਅਤੇ ਪ੍ਰਾਇਆਵਰਨ ਦੀ ਰੱਖਿਆ ਲਈ ਵਿਵਹਾਰ ਵਿਚ ਬਦਲਾਅ ਲਿਆਉਣ ਦੀ ਬਹੁਤ ਜਰੂਰਤ ਹੈ। ਇਸ ਮੌਕੇ ਤੇ ਡਾ ਸੁਸ਼ਮਾ ਗੁਪਤਾ, ਸੁਨੀਤਾ ਵਰਮਾ, ਸੰਗੀਤਾ ਮਲਹੋਤਰਾ, ਦੀਪਕ ਜੋਤੀ, ਜੋਤੀ ਸੈਣੀ, ਡਾ ਅੰਜਨਾ ਮਲਹੋਤਰਾ ਆਦਿ ਹਾਜ਼ਰ ਸਨ।

# ਭਗਵੰਤ ਮਾਨ ਦੀ ਸਰਕਾਰ ਵੱਲੋਂ ਕਿਸਾਨਾਂ ਦੇ ਗ੍ਰਿਫਤਾਰੀ ਵਰੰਟ ਕੱਢਣਾ ਬਹੁਤ ਮੰਦਭਾਗਾ-ਸ਼ਾਦੀਪੁਰ

**ਪਟਿਆਲਾ/ਦੇਵੀਗੜ/ਇਕਬਾਲ ਸਿੰਘ**

ਪੰਜਾਬ ‘ਚ ‘ਆਪ’ ਦੀ ਸਰਕਾਰ ਦੇ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਜਿਨ੍ਹਾਂ ਕਿਸਾਨਾਂ ਨੇ ਬੈਂਕਾਂ ਕਰਜ਼ੇ ਦੇ ਪੈਸੇ ਦੇਣੇ ਹਨ ਅਤੇ ਉਹ ਡਿਫਾਲਟਰ ਘੋਸ਼ਿਤ ਕੀਤੇ ਗਏ ਹਨ, ਦੇ ਹੁਣ ਗ੍ਰਿਫਤਾਰੀ ਵਰੰਟ ਕੱਢ ਕੇ ਕਿਸਾਨਾਂ ਨਾਲ ਧੱਕਾ ਕਰ ਰਹੀ ਹੈ। ਇਸ ਮਸਲੇ ਬਾਰੇ ਜਾਣਕਾਰੀ ਦਿੰਦੇ ਹੋਏ ਭਾਰਤੀ ਕਿਸਾਨ ਮੰਚ ਸ਼ਾਦੀਪੁਰ ਦੇ ਪ੍ਰਧਾਨ ਬੂਟਾ ਸਿੰਘ ਸ਼ਾਦੀਪੁਰ ਨੇ ਕਿਹਾ ਹੈ ਕਿ 1985 ਵਿੱਚ ਪੰਜਾਬ ਦੀ ਬਰਨਾਲਾ ਸਰਕਾਰ ਨੇ ਇਹ ਧਾਰਾ ਹੀ ਖਤਮ ਕਰ ਦਿੱਤੀ ਸੀ ਕਿ ਕਿਸਾਨਾਂ ਦੇ ਨਾ ਵਰੰਟ ਜਾਰੀ ਹੋਣਗੇ ਅਤੇ ਨਾ ਹੀ ਗ੍ਰਿਫਤਾਰੀ ਹੋਵੇਗੀ। ਪਰ ਪੰਜਾਬ ਦੀ ਸਰਕਾਰ ਨੇ ਪਤਾ ਨਹੀਂ ਕਿਸ ਫਾਰਮੂਲੇ ਤਹਿਤ 2000 ਦੇ ਕਰੀਬ ਕਿਸਾਨਾਂ ਦੇ ਗ੍ਰਿਫਤਾਰੀ ਵਰੰਟ ਜਾਰੀ ਕੀਤੇ ਹਨ ਅਤੇ ਦੋ ਕਿਸਾਨ ਗ੍ਰਿਫਤਾਰ ਕਰ ਲਏ ਹਨ। ਪਰ ਜਦੋਂ ਕਿਸਾਨ ਮੰਚ ਦੇ ਪ੍ਰਧਾਨ ਸ਼ਾਦੀਪੁਰ ਤੇ ਉਸ ਦੇ ਸਾਥੀਆਂ ਨੂੰ ਇਸ ਬਾਰੇ ਪਤਾ ਲੱਗਾ ਤਾਂ ਉਨ੍ਹਾਂ ਨੇ ਟੀ.ਵੀ. ਚੈਨਲਾਂ ਤੇ ਇਸ ਕਾਰਵਾਈ ਦਾ ਵਿਰੋਧ ਕੀਤਾ ਅਤੇ ਸਰਕਾਰ ਨੂੰ ਦੋ ਦਿਨ ਦਾ ਸਮਾਂ ਦਿੱਤਾ ਕਿ ਇਹ ਨਾਦਰਸ਼ਾਹੀ ਫੁਰਮਾਨ ਵਾਪਸ ਲਿਆ ਜਾਵੇ ਨਹੀਂ ਤਾ ਫੇਰ ਸੰਯੁਕਤ ਕਿਸਾਨ ਮੋਰਚਾ ਸਰਕਾਰ ਦੇ ਵਰੰਟ ਕੱਟੇਗਾ। ਉਨ੍ਹਾਂ ਕਿਹਾ ਕਿ ਜਦੋਂ ਸਰਕਾਰ ਨੂੰ ਪਤਾ ਲੱਗਾ ਕਿ ਇਸ ਮਾਮਲੇ ਦਾ ਸਾਰੇ ਪਾਸਿਓਂ ਵਿਰੋਧ ਸ਼ੁਰੂ ਹੋ ਗਿਆ ਹੈ ਤਾਂ ਫਿਰ ਸਰਕਾਰ ਦਾ ਬਚਾ ਕਰਨ ਵਾਸਤੇ ਖਜ਼ਾਨਾ ਮੰਤਰੀ ਹਰਪਾਲ ਸਿੰਘ ਚੀਮਾਂ ਨੇ ਪਿਛਲੀ ਸਰਕਾਰ ਤੇ ਭਾਂਡਾ ਭੰਨ ਕੇ ਆਪਣਾ ਖਹਿਡ ?ਾ ਛੁਡਾਉਣਾ ਪਿਆ ਕਿ ਕਿਸੇ ਕਿਸਾਨ ਦੀ ਗ੍ਰਿਫਤਾਰੀ ਨਹੀਂ ਹੋਵੇਗੀ। ਇਸ ਮੌਕੇ ਬੂਟਾ ਸਿੰਘ ਸ਼ਾਦੀਪੁਰ ਤੋਂ ਇਲਾਵਾ ਹਰਬੰਸ ਦਦਹੇਡ ?ਾ, ਗੁਰਜਿੰਦਰ ਗਜੂਮਾਜਰਾ, ਸੁਰਜੀਤ ਸਿੰਘ, ਚਰਨਜੀਤ ਸਿੰਘ ਬਾਜਵਾ, ਬਦੇਵ ਸਿੰਘ ਸੰਧੂ, ਤਸਵੀਰੀ ਸਿੰਘ, ਰਤਪਾਲ ਸਿੰਘ ਸੰਧੂ, ਬਾਜ ਸਿੰਘ ਠਾਕਰਗਡ ?, ਨੰਬਰਦਾਰ ਰੇਸ਼ਮ ਸਿੰਘ, ਗੁਰਦੇਵ ਸਿੰਘ, ਸਤਨਾਮ ਸਿੰਘ ਭਾਬਲ, ਸੁਖਵੀਰ ਸਿੰਘ ਸੰਧੂ ਆਦਿ ਮੌਜੂਦ ਸਨ।

# ਪਟਿਆਲਾ ਅਰਬਨ ਸਟੇਟ ਦੇ ਦੋ ਨਿੱਜੀ ਸਕੂਲਾਂ ਵਿਚ ਸੇਫ ਵਾਹਨ ਪਾਲਿਸੀ ਦੇ ਤਹਿਤ 7 ਸਕੂਲੀ ਵਾਹਨਾਂ ਦੇ ਕੱਟੇ ਗਏ ਚਲਾਣ



**ਪਟਿਆਲਾ/ਇਕਬਾਲ ਸਿੰਘ:** ਅਰਬਨ ਸਟੇਟ ਦੇ ਰਯਾਨ ਇੰਟਰਨੈਸ਼ਨਲ ਆਪਣੇ ਅਪੋਲੋ ਪਬਲਿਕ ਸਕੂਲ ਦੇ ਵਾਹਨਾਂ ਦੀ ਅੱਜ ਸੇਫ਼ ਸਕੂਲ ਨੀਤੀ ਦੇ ਤਹਿਤ ਕੀਤੀ ਗਈ ਪਿੰਡ ਚੈਕਿੰਗ ਡਿਪਟੀ ਕਮਿਸ਼ਨਰ ਸ੍ਰੀ ਸੈਣੀ ਦੇ ਵੱਲੋਂ ਜ਼ਿਲੇ ਦੇ ਅੰਦਰ ਸਕੂਲ ਦੇ ਸੈਫ ਸਕੂਲ ਵਾਹਨ ਨੀਤੀ ਨੂੰ ਅਮਲੀ ਰੂਪ ਵਿਚ ਲਾਗੂ ਕਰਨ ਦੇ ਆਦੇਸ਼ ਦੇ ਤਹਿਤ ਜਿਲਾ ਸੇਫ ਵਾਹਨ ਕਮੇਟੀ ਦੀ ਅਗਵਾਈ ਹੇਠ ਜ਼ਿਲ੍ਹਾ ਬਾਲ ਸੁਰੱਖਿਆ ਅਤੇ ਜ਼ਿਲਾ ਸਿੱਖਿਆ ਵਿਭਾਗ ਅਤੇ ਟ੍ਰੈਫਿਕ ਵਿਭਾਗ ਦੇ ਟ੍ਰੈਫਿਕ ਪੁਲਿਸ ਸਹਿਯੋਗ ਦੇ ਨਾਲ ਨਾਲ ਨਿਜੀ ਸਕੂਲ ਦੇ ਵਾਹਨਾਂ ਦਾ ਅਚਨਚੇਤ ਨਿਰੀਖਣ ਕਰਨਾ ਉਲੰਘਣਾ ਕਰਨ ਵਾਲੇ 7 ਸਕੂਲੀ ਵਾਹਨਾਂ ਦੇ ਚਲਾਨ ਕੱਟੇ ਗਏ। ਜਿੰਨਾਂ ਦੇ ਵਿੱਚ ਇੰਟਰਨੈਸ਼ਨਲ ਦੇ 2 ਸਕੂਲ ਅਪੋਲੋ ਪਬਲਿਕ ਸਕੂਲ ਦੇ 5 ਵਾਹਨ ਸ਼ਾਮਲ ਸਨ ਇਸ ਦੌਰਾਨ ਡਿਪਟੀ ਕਮਿਸ਼ਨਰ ਸ਼ਾਕਸ਼ੀ ਸਾਹਣੀ ਵੱਲੋਂ ਦੱਸਿਆ ਗਿਆ ਕਿ ਨਿੱਜੀ ਸਕੂਲ ਪ੍ਰਬੰਧਕਾਂ ਦੇ ਸਕੂਲ ਮੁਖੀ ਅਤੇ ਵਿਦਿਆਰਥੀਆਂ ਨੂੰ ਸਕੂਲ ਆਉਣ-ਜਾਣ ਸਮੇਂ ਸੁਰੱਖਿਅਤ ਆਵਾਜਾਈ ਨੂੰ ਯਕੀਨੀ ਬਣਾਉਣ ਲਈ ਸਕੂਲ ਵਾਹਨ ਪਾਲਿਸੀ ਨੀਤੀ ਨੂੰ ਲਾਗੂ ਕਰਨ ਲਈ ਕਿਹਾ ਗਿਆ ਹੈ।

# ਸ੍ਰੀ ਹੇਮਕੁੰਟ ਸਾਹਿਬ ਸੀਨੀਅਰ ਸੈਕੰਡਰੀ ਸਕੂਲ ਵਿਖੇ ਅੰਤਰਰਾਸ਼ਟਰੀ ਧਰਤੀ ਦਿਵਸ ਮਨਾਇਆ




**ਮੋਗਾ/ਧਰਮਕੋਟ/ਦਵਿੰਦਰ ਸਿੰਘ ਬਿੱਟੂ**

ਇਲਾਕੇ ਦੀ ਨਾਮਵਰ ਵਿੱਦਿਅਕ ਸੰਸਥਾ ਸ੍ਰੀ ਹੇਮਕੁੰਟ ਸਾਹਿਬ ਸੀਨੀਅਰ ਸੈਕੰਡਰੀ ਸਕੂਲ ਫਤਿਹਗੜ੍ਹ ਪੰਜਤੂਰ ( ਮੋਗਾ ) ਵਿਖੇ ਪ੍ਰਿੰਸੀਪਲ ਸ ਅਮਰਦੀਪ ਸਿੰਘ ਜੀ ਦੀ ਯੋਗ ਅਗਵਾਈ ਹੇਠ ਅਤੇ ਸਮੂਹ ਸਟਾਫ ਦੇ ਸਹਿਯੋਗ ਨਾਲ ਅੰਤਰਰਾਸ਼ਟਰੀ ਧਰਤੀ ਦਿਵਸ ਮਨਾਇਆ ਗਿਆ ਇਸ ਮੌਕੇ ਸਵੇਰ ਦੀ ਸ਼ਪੈਸ਼ਲ ਪ੍ਰਾਰਥਨਾ ਸਭਾ ਕਰਵਾਈ ਗਈ ਜਿਸ ਵਿਚ ਬੱਚਿਆਂ ਨੇ ਧਰਤੀ ਦਿਵਸ ਨਾਲ ਸਬੰਧਤ ਆਪਣੇ ਵਿਚਾਰ ਪੇਸ਼ ਕੀਤੇ ਤੇ ਉਸ ਤੋਂ ਉਪਰੰਤ ਬੱਚਿਆਂ ਦੇ ਧਰਤੀ ਦਿਵਸ ਨਾਲ ਸਬੰਧਤ ਪੋਸਟਰ ਮੇਕਿੰਗ ਸਲੋਗਨ ਤੇ ਲਿਖਤ ਦੇ ਮੁਕਾਬਲੇ ਕਰਵਾਏ ਗਏ ਇਸ ਸਮੇਂ ਬੱਚਿਆਂ ਨੇ ਧਰਤੀ ਨੂੰ ਬਚਾਉਣ ਲਈ ਸਪੈਸ਼ਲ ਰੈਲੀ ਵੀ ਕੱਢੀ ਜਿਸ ਵਿਚ ਬੱਚਿਆਂ ਨੇ ਧਰਤੀ ਤੇ ਪਾਣੀ ਨੂੰ ਬਚਾਉਣ ਅਤੇ ਆਪਣਾ ਆਲਾ ਦੁਆਲਾ ਸਾਫ ਸੁਥਰਾ ਰੱਖਣ ਲਈ ਸੁਨੇਹਾ ਦਿੱਤਾ ਇਸ ਮੌਕੇ ਹੇਮਕੁੰਟ ਸੰਸਥਾਵਾਂ ਦੇ ਚੇਅਰਮੈਨ ਕੁਲਵੰਤ ਸਿੰਘ ਸੰਧੂ ਐੱਮ ਡੀ ਮੈਡਮ ਰਣਜੀਤ ਕੌਰ ਸੰਧੂ ਤੇ ਪ੍ਰਿੰਸੀਪਲ ਅਮਰਦੀਪ ਸਿੰਘ ਨੇ ਬੱਚਿਆਂ ਨੂੰ ਧਰਤੀ ਦਿਵਸ ਦੀ ਮਹੱਤਤਾ ਦੱਸਦੇ ਹੋਏ ਕਿਹਾ ਕਿ ਹਰ ਸਾਲ ਵਿਸ਼ਵ ਵਿੱਚ 23 ਅਪ੍ਰੈਲ ਨੂੰ ਅੰਤਰਰਾਸ਼ਟਰੀ ਧਰਤੀ ਦਿਵਸ ਦੇ ਤੌਰ ਤੇ ਮਨਾਇਆ ਜਾਂਦਾ ਹੈ ਉਨ੍ਹਾਂ ਬੱਚਿਆਂ ਨੂੰ ਆਪਣੇ ਸੰਬੋਧਨ ਵਿੱਚ ਕਿਹਾ ਕਿ ਇਸ ਸਾਲ ਧਰਤੀ ਦਿਵਸ ਦਾ ਵਿਸਾ ਆਪਣੀ ਧਰਤੀ ਨੂੰ ਸੰਭਾਲ ਕੇ ਰੱਖਣਾ ਹੈ ਉਨ੍ਹਾਂ ਬੱਚਿਆਂ ਨੂੰ ਵੱਧ ਤੋਂ ਵੱਧ ਰੁੱਖ ਲਗਾਉਣ ਲਈ ਕਿਹਾ ਤਾਂ ਜੋ ਕਿ ਸੂਬੇ ਨੂੰ ਪ੍ਰਦੂਸ਼ਣ ਰਹਿਤ ਬਣਾਇਆ ਜਾ ਸਕੇ ਇਸ ਸਮੇਂ ਸਕੂਲ ਦੇ ਬੱਚੇ ਅਤੇ ਸਮੂਹ ਸਟਾਫ ਹਾਜ਼ਰ ਸਨ।

# ਜਿਲਾ ਪੁਲਿਸ ਵਲੋਂ ਡਾਕਾ ਮਾਰਨ ਦੀ ਤਿਆਰੀ ਕਰ ਰਹੇ ਨੌਜਵਾਨਾਂ ਨੂੰ ਹਥਿਆਰਾਂ ਸਮੇਤ ਕੀਤਾ ਕਾਬੂ



ਮਿਤੀ 22-04-2022 ਨੂੰ ਮੁਖਬਰ ਖਾਸ ਦੀ ਇਤਲਾਹ ਤੇ ਦਾਣਾ ਮੰਡੀ, ਬੰਗਾ ਵਿਖੇ ਮਾਰੂ ਹਥਿਆਰਾਂ ਦੀ ਨੋਕ ਤੇ ਕਿਸੇ ਵੱਡੀ ਵਾਰਦਾਤ ਨੂੰ ਅੰਜਾਮ ਦੇਣ ਲਈ ਇੱਕਠੇ ਹੋਏ ਨੋਜਵਾਨਾਂ ਨੂੰ ਪੁਲਿਸ ਵੱਲੋਜ਼ ਮੁਸ਼ਤੈਦੀ ਨਾਲ ਕਾਰਵਾਈ ਕਰਦਿਆਂ 03 ਨੌਜਵਾਨਾਂ ਨੂੰ ਹਥਿਆਰਾਂ ਸਮੇਤ ਕਾਬੂ ਕਰਨ ਵਿੱਚ ਸਫ਼ਲਤਾ ਹਾਸਲ ਕੀਤੀ।

ਇਸ ਸਬੰਧੀ ਹੋਰ ਜਾਣਕਾਰੀ ਦਿੰਦਿਆਂ ਡਾ. ਸੰਦੀਪ ਕੁਮਾਰ ਸ਼ਰਮਾ, ਪੀ.ਪੀ.ਐਸ. ਸੀਨੀਅਰ ਕਪਤਾਨ ਪੁਲਿਸ, ਸ਼ਹੀਦ ਭਗਤ ਸਿੰਘ ਨਗਰ ਜੀ ਨੇ ਦੱਸਿਆ ਕਿ ਮਿਤੀ 22-04-2022 ਨੂੰ ਵਕਤ 10:25 ਵਜੇ ਰਾਤ ਐਸ ਆਈ ਮਨਜੀਤ ਸਿੰਘ ਥਾਣਾ ਸਿਟੀ ਬੰਗਾ ਸਮੇਤ ਪੁਲਿਸ ਪਾਰਟੀ ਦੇ ਬੱਸ ਸਟੈਂਡ ਬੰਗਾ ਮੌਜੂਦ ਸੀ ਤਾ ਮੁੱਖਬਰ ਖਾਸ ਨੇ ਇਤਲਾਹ ਦਿੱਤੀ ਕਿ ਕਮਲ ਮਲਹੋਤਰਾ ਪੁੱਤਰ ਰਜਿੰਦਰ ਮਲਹੋਤਰਾ ਵਾਸੀ ਹਾਉਸ ਨੰਬਰ 15 ਅਮਨ ਨਗਰ ਨੇੜੇ ™$3 ਕਾਲਜ ਜਲੰਧਰ ਜਿਲਾ ਜਲੰਧਰ ,ਹਰਪਿੰਦਰਜੀਤ ਸਿੰਘ ਉਰਫ ਰੂਪਾ ਪੁੱਤਰ ਰੇਸਮ ਸਿੰਘ ਜੀਦੋਵਾਲ ਥਾਣਾ ਸਿਟੀ ਬੰਗਾ ਜਿਲਾ ਸ਼ ਭ ਸ ਨਗਰ, ਮਾਨ ਸਿੰਘ ਉਰਫ ਮਾਨਾ ਪੁੱਤਰ ਸੁਰਜੀਤ ਸਿੰਘ ਪੰਨੂ ਮਜਾਰਾ ਥਾਣਾ ਸਿਟੀ ਨਵਾਸਹਿਰ ਜਿਲਾ ਸ਼ ਭ ਸ ਨਗਰ, ਮਨਜੀਤ ਸਿੰਘ ਵਾਸੀ ਬੰਗਾ ਅਤੇ ਬਾਬਾ ਵਾਸੀ ਜੀਦੋਵਾਲ ਥਾਣਾ ਸਿਟੀ ਬੰਗਾ ਜੋ ਲੁੱਟਾਂ ਖੋਹਾਂ ਦੀਆਂ ਵਾਰਦਾਤਾਂ ਕਰਨ ਦੇ ਆਦੀ ਹਨ ਅਤੇ ਅੱਜ ਵੀ ਹੱਪੋਵਾਲ ਰੋਡ ਦਾਣਾ ਮੰਡੀ ਬੰਗਾ ਦੀ ਦੀਵਾਰ ਨਾਲ ਬੈਠੇ ਕਿਸੇ ਵੱਡੀ ਵਾਰਦਾਤ ਕਰਨ ਦੀ ਵਿਉਤਬੰਦੀ ਕਰ ਰਹੇ ਹਨ, ਜਿਹਨਾ ਪਾਸ ਮਾਰੂ ਹਥਿਆਰ ਅਤੇ ਪਲਸਰ ਮੋਟਰ ਸਾਇਕਲ ਅਤੇ ਐਕਟਿਵਾ ਹਾਡਾ ਹਨ,ਮੁਕੱਦਮਾ ਨੰਬਰ 25 ਮਿਤੀ 22-04-2022 ਜੁਰਮ 399,402 9♦3 4“ 25/27/54/59 ਅਸਲਾ ਐਕਟ ਥਾਣਾ ਸਿਟੀ ਬੰਗਾ ਵਿਖੇ ਦਰਜ ਕਰਕੇ ਕਾਰਵਾਈ ਅਮਲ ਵਿਚ ਲਿਆਂਦੀ। ਪੁਲਿਸ ਪਾਰਟੀ ਵਲੋਂ ਤੁਰੰਤ ਦਾਣਾ ਮੰਡੀ ਹੱਪੋਵਾਲ ਰੋਡ ਬੰਗਾ ਵਿਖੇ ਰੇਡ ਕਰਕੇ ਪਲਸਰ ਮੋਟਰ ਸਾਇਕਲ ਅਤੇ ਐਕਟਿਵਾ ਹਾਡਾ. ਇਹਨਾਂ ਦੇ ਦੋ ਸਾਥੀ ਮਨਜੀਤ ਸਿੰਘ ਵਾਸੀ ਬੰਗਾ ਅਤੇ ਬਾਬਾ ਵਾਸੀ ਜੀਦੋਵਾਲ ਥਾਣਾ ਸਿਟੀ ਬੰਗਾ ਫਰਾਰ ਹੋਣ ਵਿਚ ਕਾਮਯਾਬ ਹੋ ਗਏ, ਜਿਹਨਾਂ ਦੀ ਪੁਲਿਸ ਵਲੋਂ ਭਾਲ ਕੀਤੀ ਜਾ ਰਹੀ ਹੈ: ਕਮਲ ਮਲਹੋਤਰਾ ਪੁੱਤਰ ਰਜਿੰਦਰ ਮਲਹੋਤਰਾ ਵਾਸੀ ਹਾਉਸ ਨੰਬਰ 15 ਅਮਨ ਨਗਰ ਨੇੜੇ ਖੰਡ ਕਾਲਜ ਜਲੰਧਰ ਜਿਲਾ ਜਲੰਧਰ (ਇੱਕ 32 ਬੋਰ ਪਿਸਟਲ ਸਮੇਤ ਇੱਕ ਰੋਂਦ ਜਿੰਦਾ 32 ਬੋਰ) 2) ਹਰਪਿੰਦਰਜੀਤ ਸਿੰਘ ਉਰਫ ਰੂਪਾ ਪੁੱਤਰ ਰੇਸਮ ਸਿੰਘ ਜੀਦੋਵਾਲ ਥਾਣਾ ਸਿਟੀ ਬੰਗਾ (ਇੱਕ 32 ਬੋਰ ਪਿਸਟਲ ਸਮੇਤ ਇੱਕ ਰੋਂਦ ਜਿੰਦਾ 32 ਬੋਰ) 3) ਮਾਨ ਸਿੰਘ ਉਰਫ ਮਾਨਾ ਪੁੱਤਰ ਸੁਰਜੀਤ ਸਿੰਘ ਪੰਨੂ ਮਜਾਰਾ ਥਾਣਾ ਸਿਟੀ ਨਵਾਂਸ਼ਹਿਰ (ਪਤਕਾਦਰਹ ਇੱਕ 32 ਬੋਰ ਪਿਸਟਲ ਸਮੇਤ ਇੱਕ ਰੋਂਦ ਜਿੰਦਾ 32 ਬੋਰ) ਇਸ ਸਬੰਧੀ ਇਹ ਵੀ ਵਰਣਨਯੋਗ ਹੈ ਕਿ ਹਰਪਿੰਦਰਜੀਤ ਸਿੰਘ ਉਰਫ ਰੂਪਾ ਪੁੱਤਰ ਰੇਸਮ ਸਿੰਘ ਜੀਦੋਵਾਲ ਥਾਣਾ ਸਿਟੀ ਬੰਗਾ ਲੁੱਟਾਂ-ਖੋਹਾਂ, ਡਾਕਾ ਅਤੇ ਨਸ਼ਾ ਵੇਚਣ ਥਾਣਾ ਸਿਟੀ ਬੰਗਾ ਦਾ 2 ਕੈਟਾਗਿਰੀ ਦਾ 23 ਹੈ।

## ਸਮਾਜ ਕਲਿਆਣ ਕਲੱਬ ਦੇ ਮੈਂਬਰਾਂ ਦੇ ਵਿਧਾਇਕ ਨੇ ਸਰਕਾਰੀ ਡਿਸਪੈਂਸਰੀ ਦੇ ਅਪਗ੍ਰੇਡ ਕਰਨ ਦੀ ਕੀਤੀ ਮੰਗ।



**ਪਟਿਆਲਾ/ਸਨੌਰ/ਇਕਬਾਲ ਸਿੰਘ**

ਹਲਕਾ ਸਨੌਰ ਦੇ ਵਿਚ ਸਰਕਾਰੀ ਡਿਸਪੈਂਸਰੀ ਦੇ ਅਪਗਰੇਟ ਨਾ ਹੋਣ ਕਰਕੇ ਲੋਕਾਂ ਨੂੰ ਕਈ ਦਿੱਕਤਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਕਾਂਗਰਸ ਦੀ ਸਰਕਾਰ ਦੇ ਸਮੇਂ ਡਾਕਟਰ ਬਲਬੀਰ ਸਿੰਘ ਦੇ ਵੱਲੋਂ ਹਰ ਸਹੂਲਤ ਸਥਾਪਿਤ ਕਰਨ ਦਾ ਭਰੋਸਾ ਦਿੱਤਾ ਗਿਆ ਸੀ ਪਰ ਹੁਣ ਤੱਕ ਇਸ ਡਿਸਪੈਂਸਰੀ ਨੂੰ ਕੋਈ ਅੱਪਗ੍ਰੇਟ ਨਹੀਂ ਕੀਤਾ ਗਿਆ ਜਿਸਨੂੰ ਲੈ ਕੇ ਅੱਜ ਸਮਾਜ ਕਲਿਆਣ ਅਤੇ ਲਾਗੂ ਕਰਨ ਦੇ ਪ੍ਰਧਾਨ ਬਲਵਿੰਦਰ ਸਿੰਘ ਬੱਬਲੂ ਅਤੇ ਉਨ੍ਹਾਂ ਦੇ ਅਫਸਰਾਂ ਵੱਲੋਂ ਆਮ ਆਦਮੀ ਪਾਰਟੀ ਦੇ ਵਿਧਾਇਕ ਹਰਮੀਤ ਸਿੰਘ ਪਠਾਣਮਾਜਰਾ ਅੱਗੇ ਮੰਗ ਰੱਖੀ ਹੈ ਕਿ ਇਸ ਸੰਸਥਾ ਨੂੰ ਅਪਗ੍ਰੇਡ ਕੀਤਾ ਜਾਵੇ ਤਾਂ ਕੇ 200 ਤੋਂ ਵੱਧ ਪਿੰਡਾਂ ਦੇ ਲੋਕਾਂ ਨੂੰ ਸਰਕਾਰੀ ਸਹੂਲਤ ਸੁਵਿਧਾਵਾਂ ਪ੍ਰਦਾਨ ਹੋ ਸਕਣ ਅਤੇ ਬੀਤੇ ਸਮੇਂ ਦੇ ਸਿਹਤ ਮੰਤਰੀ ਇਸ ਸਰਕਾਰੀ ਡਿਸਪੈਂਸਰੀ ਵਿੱਚ ਆਏ ਸੀ ਤੇ ਉਸ ਸਮੇਂ ਉਨ੍ਹਾਂ ਨੇ ਸਾਨੂੰ ਵਾਅਦਾ ਕੀਤਾ ਸੀ ਕਿ ਇਹ ਡਿਸਪੈਂਸਰੀ ਨੂੰ ਅਪਗ੍ਰੇਡ ਕੀਤਾ ਜਾਵੇਗਾ। ਪਰ ਉਹਨਾਂ ਨੇ ਇਹ ਲਾਰੇ ਲਾਰੇ ਰਹੇ। ਇਸ ਕਰਕੇ ਸਾਡੇ ਹੁਣ ਦੀ ਹੋਣ ਵਾਲੀ ਸਰਕਾਰ ਨੂੰ ਇਹ ਦਰਖਾਸਤ ਕੀਤੀ ਜਾਂਦੀ ਹੈ ਇਹ ਅਪੀਲ ਕੀਤੀ ਜਾਦੀ ਹੈ ਕਿ ਇਸਦੀ ਹਾਲਤ ਅਪਗਰੇਡ ਕੀਤੀ ਜਾਵੇ ਤਾਂ ਕਿ ਇਸਦੀ ਸਹੂਲਤ ਹਰ ਇਕ ਵਿਅਕਤੀ ਨੂੰ ਪ੍ਰਧਾਨ ਹੋ ਸਕੇ।

# ਜੀ.ਜੀ.ਐਨ. ਖਾਲਸਾ ਕਾਲਜ਼ ਵੱਲੋਂ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 401ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਵਿਸ਼ੇਸ਼ ਗੁਰਮਤਿ ਸਮਾਗਮ ਦਾ ਆਯੋਜਨ ਕੀਤਾ

### ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀਆਂ ਸਿੱਖਿਆਵਾਂ ਨੂੰ ਆਪਣੇ ਅਮਲੀ ਜੀਵਨ ਦਾ ਹਿੱਸਾ ਬਣਾਉਣ ਅਤੇ ਉਚੀਆਂ, ਸੁਚੀਆਂ ਇਖਲਾਕੀ ਤੇ ਸਮਾਜਿਕ ਕਦਰਾਂ-ਕੀਮਤਾਂ ਨੂੰ ਆਪਣੇ ਜੀਵਨ ਵਿੱਚ ਅਪਣਾਉਣ ਦੀ ਲੋੜ - ਸ. ਇੰਦਰਪਾਲ ਸਿੰਘ

**ਲੁਧਿਆਣਾ/ਸੁਖਚੈਨ ਮਹਿਰਾ, ਵਰਿੰਦਰ ਪ੍ਰਕਾਸ਼ ਭਾਂਬਰੀ**

ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 401ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਗੁਜਰਾਂਵਾਲਾ ਖਾਲਸਾ ਐਜੂਕੇਸ਼ਨਲ ਕੌਂਸਲ ਦੀ ਅਗਵਾਈ ਹੇਠ ਗੁਜਰਾਂਵਾਲਾ ਗੁਰੂ ਨਾਨਕ ਖਾਲਸਾ ਕਾਲਜ (ਜੀ। ਜੀ। ਐਨ। ਆਈ। ਵੀ। ਐਸ, ਜੀ। ਜੀ। ਐਨ। ਆਈ। ਐਮ। ਟੀ) ਅਤੇ ਜੀ। ਜੀ। ਐਨ ਖਾਲਸਾ ਕਾਲਜ ਆਫ਼ ਫਾਰਮੇਸੀ ਸੰਸਥਾਵਾਂ ਵੱਲੋਂ ਬਹੁਤ ਹੀ ਸ਼ਰਧਾ ਅਤੇ ਸਤਿਕਾਰ ਸਹਿਤ ਇਕ ਵਿਸ਼ੇਸ਼ ਗੁਰਮਤਿ ਸਮਾਗਮ ਦਾ ਆਯੋਜਨ ਕੀਤਾ ਗਿਆ।

ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 401ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਕਾਲਜ਼ ਵਿੱਚ ਸੁਖਮਨੀ ਸਾਹਿਬ ਦੇ ਪਾਠ ਅਤੇ ਸਹਿਜ ਪਾਠ ਦੇ ਭੋਗ ਪਾਏ ਗਏ ਅਤੇ ਕੀਰਤਨ ਕੀਤਾ ਗਿਆ।

ਇਸ ਮੌਕੇ ਨਨਕਾਣਾ ਸਾਹਿਬ ਐਜੂਕੇਸ਼ਨਲ ਟਰੱਸਟ ਦੇ ਆਨਰੇਰੀ ਡਾਇਰੈਕਟਰ ਸ੍ਰ। ਇੰਦਰਪਾਲ ਸਿੰਘ ਨੇ ਸੰਗਤਾਂ ਨਾਲ ਆਪਣੇ ਵਿਚਾਰ ਸਾਂਝੇ ਕਰਦਿਆਂ ਕਿਹਾ ਕਿ ਗੁਜਰਾਂਵਾਲਾ ਖਾਲਸਾ ਐਜੂਕੇਸ਼ਨਲ ਕੌਂਸਲ ਅਧੀਨ ਚੱਲ ਰਹੀਆਂ ਸਮੂਹ ਵਿੱਦਿਅਕ ਸੰਸਥਾਵਾਂ ਵਿਦਿਆਰਥੀਆਂ ਨੂੰ ਮਿਆਰੀ ਸਿੱਖਿਆ ਪ੍ਰਦਾਨ ਕਰਨ ਦੇ ਨਾਲ ਨਾਲ ਨੌਜਵਾਨ ਪੀੜ੍ਹੀ ਲਈ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀਆਂ ਸਿੱਖਿਆਵਾਂ ਨੂੰ ਆਪਣੇ ਅਮਲੀ ਜੀਵਨ ਦਾ ਹਿੱਸਾ ਬਣਾਉਣ ਅਤੇ ਗੁਰੂ ਤੇਗ ਬਹਾਦਰ ਜੀ ਵਲੋਂ



ਦਰਸਾਈਆਂ ਗਈਆਂ ਉਚੀਆਂ ਅਤੇ ਸੁਚੀਆਂ ਇਖਲਾਕੀ ਤੇ ਸਮਾਜਿਕ ਕਦਰਾਂ-ਕੀਮਤਾਂ ਨੂੰ ਆਪਣੇ ਜੀਵਨ ਵਿੱਚ ਅਪਣਾਉਣ ਦੀ ਲੋੜ ਉਪਰ ਵਿਸ਼ੇਸ਼ ਤੌਰ @ਤੇ ਜੋਰ ਦਿੱਤਾ ਜਾਂਦਾ ਹੈ।

ਉਨਾਂ ਕਿਹਾ ਕਿ ਸ੍ਰੀ ਗੁਰੂ ਤੇਗ ਬਹਾਦਰ ਜੀ ਵੱਲੋਂ ਦਰਸਾਏ ਮਨੁੱਖਤਾ ਦੀ ਸੇਵਾ ਦੇ ਮਾਰਗ ਤੇ ਚੱਲਣ ਦੇ ਮੰਤਵ ਨੂੰ ਮੁੱਖ ਰੱਖਦਿਆਂ ਗੁਜਰਾਂਵਾਲਾ ਗੁਰੂ ਨਾਨਕ ਸੰਸਥਾਵਾਂ ਵੱਲੋਂ ਅਜਿਹੇ ਸਾਹਿਤਕ ਅਤੇ ਅਕਾਦਮਿਕ ਮੰਚ ਲਗਾਤਾਰ ਸਿਰਜੇ ਜਾ ਰਹੇ ਹਨ, ਜਿਹਨਾਂ ਦੀ ਸਹਾਇਤਾ ਨਾਲ ਇਹ ਵਿੱਦਿਅਕ ਸੰਸਥਾਵਾਂ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਇਲਾਹੀ ਬਾਣੀ ਦਾ ਪ੍ਰਕਾਸ਼ ਸਮਾਜ ਦੇ ਹਰ ਕੋਨੇ ਵਿੱਚ ਫੈਲਾ ਰਹੀਆਂ ਹਨ ਅਤੇ ਨੈਤਿਕ ਕਦਰਾਂ-ਕੀਮਤਾਂ ਨੂੰ ਸਹੀ ਅਰਥਾਂ ਵਿੱਚ ਅਮਲ ਵਿੱਚ ਲਿਆਉਣ ਲਈ ਸਾਰਥਕ ਕਦਮ ਚੁੱਕ ਰਹੀਆਂ ਹਨ।

ਇਸ ਮੌਕੇ ਉਪ ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਦੇ ਸਾਬਕਾ ਵਾਈਸ ਚਾਂਸਲਰ ਅਤੇ ਗੁਜਰਾਂਵਾਲਾ ਖਾਲਸਾ ਐਜੂਕੇਸ਼ਨਲ ਕੌਂਸਲ ਦੇ ਪ੍ਰਧਾਨ ਡਾ। ਸ।ਪ। ਸਿੰਘ ਨੇ ਆਪਣੇ ਵਿਚਾਰ ਪ੍ਰਗਟ ਕਰਦਿਆਂ ਕਿਹਾ ਕਿ ਅੱਜ ਦੀ ਨੌਜਵਾਨ ਪੀੜ੍ਹੀ ਨੂੰ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਇਲਾਹੀ ਫਲਸਫੇ ਤੋਂ ਜਾਗਰੂਕ ਕਰਨ ਲਈ ਹਰ ਸੰਭਵ ਯਤਨ ਕਰਨਾ ਸਾਡਾ ਸਭ ਦਾ ਅਕਾਦਮਿਕ ਅਤੇ ਨੈਤਿਕ ਫਰਜ਼ ਹੈ ਤਾਂ ਜੋ ਸ੍ਰੀ ਗੁਰੂ ਤੇਗ ਬਹਾਦੁਰ ਜੀ ਦੀਆਂ ਵਿਸ਼ਵ ਵਿਆਪੀ ਸਿੱਖਿਆਵਾਂ ਅਤੇ ਉਹਨਾਂ ਦੇ ਮਾਨਵੀ ਸਰੋਕਾਰ ਸਮੁਚੀ ਮਨੁਖ ਜਾਤੀ ਦੇ ਜੀਵਨ ਸ਼ੈਲੀ ਦਾ ਅਨਿੱਖੜਵਾਂ ਅੰਗ ਬਣਾ ਸਕਣ।

ਇਸ ਮੌਕੇ ਸ੍ਰ। ਅਰਵਿੰਦਰ ਸਿੰਘ ਆਨਰੇਰੀ ਜਨਰਲ ਸਕੱਤਰ ਗੁਜਰਾਂਵਾਲਾ ਖਾਲਸਾ ਐਜੂਕੇਸ਼ਨ ਕੌਂਸਲ ਨੇ ਕਿਹਾ ਕਿ ਬਹਾਦਰੀ ਦੇ ਪ੍ਰਤੀਕ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਆਪਣੇ ਸਮੇਂ ਦੀਆਂ ਨਫ਼ਰਤ, ਕੱਟੜਤਾ ਅਤੇ ਜ਼ੁਲਮ ਦਾ ਪ੍ਰਤੀਕ ਸਮੂਹ ਤਾਕਤਾਂ ਦਾ ਡਟ ਕੇ ਮੁਕਾਬਲਾ ਕੀਤਾ ਅਤੇ ਲੋਕਾਂ ਦੇ ਹੱਕਾਂ ਦੀ ਰਾਖੀ ਕੀਤੀ। ਉਨ੍ਹਾਂ ਇਹ ਵੀ ਕਿਹਾ ਕਿ ਜੇਕਰ ਅਸੀਂ ਸ੍ਰੀ ਗੁਰੂ ਤੇਗ ਬਹਾਦਰ ਜੀ ਦੀਆਂ ਸਿੱਖਿਆਵਾਂ ਨੂੰ ਆਪਣੇ ਜੀਵਨ ਦਾ ਹਿੱਸਾ ਬਣਾਵਾਂਗੇ ਤਾਂ ਹੀ ਅਸੀਂ ਲੋਕਾਈ ਦੀ ਭਲਾਈ ਲਈ ਆਦਰਸ਼ ਸਮਾਜਿਕ, ਆਰਥਿਕ ਅਤੇ ਰਾਜਨੀਤਿਕ ਸੰਸਥਾਵਾਂ ਦੀ ਸਥਾਪਨਾ ਕਰਨ ਵਿੱਚ ਕਾਮਯਾਬ ਹੋ ਸਕਦੇ ਹਾਂ।

ਪ੍ਰੋਗਰਾਮ ਦੇ ਅੰਤ ੋਚ ਗੁਜਰਾਂਵਾਲਾ ਗੁਰੂ ਨਾਨਕ ਖ਼ਾਲਸਾ ਕਾਲਜ ਦੇ ਪ੍ਰਿੰਸੀਪਲ ਡਾ. ਅਰਵਿੰਦਰ ਸਿੰਘ ਭੱਲਾ ਨੇ ਸਭ ਦਾ ਧੰਨਵਾਦ ਕਰਦਿਆਂ ਕਿਹਾ ਕਿ ਗੁਜਰਾਂਵਾਲਾ ਖ਼ਾਲਸਾ ਐਜੂਕੇਸ਼ਨਲ ਕੌਂਸਲ ਦੀ ਸਰਪ੍ਰਸਤੀ ਹੇਠ ਚੱਲ ਰਹੀਆਂ ਵਿੱਦਿਅਕ ਸੰਸਥਾਵਾਂ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਫ਼ਲਸਫ਼ੇ ਦੇ ਪ੍ਰਚਾਰ-ਪ੍ਰਸਾਰ ਲਈ ਨਿਰੰਤਰ ਅਤੇ ਅਣਥੱਕ ਕਾਰਜ ਕਰ ਰਹੀਆਂ ਹਨ। ਉਹਨਾਂ ਦੱਸਿਆ ਕਿ ਪਿਛਲੇ ਲੰਮੇ ਸਮੇਂ ਤੋਂ ਗੁਜਰਾਂਵਾਲਾ ਗੁਰੂ ਨਾਨਕ ਖਾਲਸਾ ਕਾਲਜ ਵਲੋਂ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਪੱਧਰ ਉਪਰ ਸ੍ਰੀ ਗੁਰੂ ਤੇਗ ਬਹਾਦੁਰ ਜੀ ਦੇ ਜੀਵਨ, ਫਲਸਫੇ ਅਤੇ ਲਾਸਾਨੀ ਸ਼ਹਾਦਤ ਨਾਲ ਸਬੰਧਤ ਅਨੇਕਾਂ ਵੈਬੀਨਾਰਾਂ, ਕੁਇਜ਼ ਮੁਕਾਬਲੇ, ਵਾਰ ਕਵੀਸ਼ਰੀ, ਭਾਸ਼ਣ, ਸ਼ਬਦ ਗਾਇਨ ਪ੍ਰਤੀਯੋਗਤਾਵਾਂ ਆਦਿ ਦਾ ਸਫਲਤਾ ਪੂਰਵਕ ਅਯੋਜਨ ਕੀਤਾ ਜਾ ਚੁੱਕਾ ਹੈ ਜਿਸ ਦੌਰਾਨ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਪੱਧਰ ਦੇ ਵਿਦਵਾਨਾਂ ਨੇ ਬੇਸ਼ਕੀਮਤੀ ਵਿਚਾਰ ਸਾਂਝੇ ਕੀਤੇ ਹਨ। ਇਸ ਵਰ੍ਹੇ ਦਾ ਕਾਲਜ ਮੈਗਜ਼ੀਨ ੋਨਵ ਰਣਜੀਤੋ ਦਾ ਵਿਸ਼ੇਸ਼ ਅੰਕ ਵੀ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨੂੰ ਸਮਰਪਿਤ ਕੀਤਾ ਗਿਆ ਹੈ।

ਇਸ ਸਮਾਗਮ ਵਿਚ ਗੁਜਰਾਂਵਾਲਾ ਖ਼ਾਲਸਾ ਐਜੂਕੇਸ਼ਨਲ ਕੌਂਸਲ ਦੇ ਸਾਬਕਾ ਪ੍ਰਧਾਨ ਪ੍ਰੋ। ਪ੍ਰਿਥੀਪਾਲ ਸਿੰਘ ਕਪੂਰ, ਡਾ। ਗਜਿੰਦਰ ਸਿੰਘ, ਸ੍ਰ। ਹਰਦੀਪ ਸਿੰਘ, ਸ। ਹਰਸ਼ਰਨ ਸਿੰਘ ਨਰੂਲਾ, ਸ। ਜਸਬੀਰ ਸਿੰਘ, ਸ। ਅਰਵਿੰਦਰ ਪਾਲ ਸਿੰਘ, ਸ। ਸੰਦੀਪ ਸਿੰਘ, ਪ੍ਰੋ। ਮਨਜੀਤ ਸਿੰਘ ਛਾਬੜਾ, ਡਾਇਰੈਕਟਰ, ਪ੍ਰਿੰਸੀਪਲ ਡਾ। ਪਰਵਿੰਦਰ ਸਿੰਘ, ਪ੍ਰਿੰਸੀਪਲ ਸ਼ਿਖਾ ਸਹਿਜਪਾਲ ਆਦਿ ਹਾਜ਼ਰ ਰਹੇ। ਇਸ ਪ੍ਰੋਗਰਾਮ ਦੌਰਾਨ ਪ੍ਰੋ। ਜਸਪ੍ਰੀਤ ਕੌਰ ਵਲੋਂ ਮੰਚ ਸੰਚਾਲਨ ਦੀ ਭੂਮਿਕਾ ਬਾਖ਼ੂਬੀ ਨਿਭਾਈ ਗਈ। ਸਮਾਗਮ ਦੇ ਅੰਤ ਵਿੱਚ ਗੁਰੂ ਕਾ ਅਤੁੱਟ ਲੰਗਰ ਵਰਤਾਇਆ ਗਿਆ। ਇਸ ਪ੍ਰੋਗਰਾਮ ਦੌਰਾਨ ਗੁਜਰਾਂਵਾਲਾ ਖਾਲਸਾ ਐਜੂਕੇਸ਼ਨ ਕੌਂਸਲ ਦੇ ਸਮੂਹ ਮੈਂਬਰ, ਗੁਜਰਾਂਵਾਲਾ ਖਾਲਸਾ ਐਜੂਕੇਸ਼ਨਲ ਕੌਂਸਲ ਦੀ ਅਗਵਾਈ ਹੇਠ ਚਲ ਰਹੀਆਂ ਵਿਦਿਅਕ ਸੰਸਥਾਵਾਂ ਦੇ ਮੁੱਖੀ, ਸਟਾਫ ਮੈਂਬਰ ਅਤੇ ਵਿਦਿਆਰਥੀ ਵਿਸ਼ੇਸ਼ ਤੌਰ ਉਪਰ ਹਾਜ਼ਰ ਸਨ।

# ਰਾਸ਼ਟਰੀ ਪੰਚਾਇਤੀ ਦਿਵਸ 'ਤੇ ਵਿਸ਼ੇਸ਼

## ਆਓ ਜਾਣੀਏ ਪੰਚਾਇਤੀ ਰਾਜ ਬਾਰੇ

ਦੋਸਤੋਂ ਭਾਰਤ ਦੇ ਪੇਂਡੂ ਇਲਾਕਿਆਂ ਵਿੱਚ ਸਥਾਪਿਤ ਕੀਤੇ ਗਏ ਸਥਾਨਕ ਸ੍ਵੈ-ਸ਼ਾਸਨ ਦਾ ਦੂਸਰਾ ਨਾਂ ਪੰਚਾਇਤੀ ਰਾਜ ਹੈ।ਪੰਚਾਇਤੀ ਰਾਜ ਪ੍ਰਣਾਲੀ ਸਥਾਨਕ ਸਰਕਾਰਾਂ ਦੀ ਸ਼ਾਸਤਰੀ ਪ੍ਰਣਾਲੀ ਹੈ, ਜੋ ਨਾ ਸਿਰਫ ਭਾਰਤ ਵਿੱਚ ਬਲਕਿ ਦੱਖਣੀ ਏਸ਼ੀਆ ਦੇ ਹੋਰ ਦੇਸ਼ਾਂ ਵਿੱਚ ਵੀ ਪ੍ਰਚਲਿਤ ਹੈ। ਮਹਾਤਮਾ ਗਾਂਧੀ ਨੇ ਭਾਰਤ ਨੂੰ ਪਿੰਡਾਂ ਦਾ ਦੇਸ਼ ਕਿਹਾ ਸੀ। ਮਹਾਤਮਾ ਗਾਂਧੀ ਦੇ ਸੁਫਨਿਆਂ ਨੂੰ ਅਮਲੀ ਜਾਮਾ ਪਹਿਨਾਉਣ ਲਈ ਪਿੰਡਾਂ ਦੇ ਲੋਕਾਂ ਦੀ ਪਿੰਡ ਪ੍ਰਸ਼ਾਸਨ ਵਿੱਚ ਭਾਗੀਦਾਰੀ ਬਣਾਈ ਗਈ ਹੈ। ਪੰਚਾਇਤ , ਸਥਾਨਕ ਸਰਕਾਰ ਹੋਣ ਕਾਰਨ ਇੱਕ ਰਾਜ ਦਾ ਵਿਸ਼ਾ ਹੈ ਅਤੇ ਭਾਰਤ ਦੇ ਸੰਵਿਧਾਨ ਦੀ ਸੱਤਵੀਂ ਸੂਚੀ ਦੀ ਰਾਜ ਸੂਚੀ ਦਾ ਹਿੱਸਾ ਹੈ।

ਪੰਚਾਇਤੀ ਰਾਜ ਮੰਤਰਾਲਾ ਹਰ ਸਾਲ 24 ਅਪ੍ਰੈਲ ਨੂੰ ਰਾਸ਼ਟਰੀ ਪੰਚਾਇਤੀ ਰਾਜ ਦਿਵਸ ਐੱਨਪੀਆਰਡੀ ਵਜੋਂ ਮਨਾਉਂਦਾ ਹੈ, 24 ਅਪ੍ਰੈਲ, 1993 ਨੂੰ ਬੁਨਿਆਦੀ ਪੱਧਰ 'ਤੇ ਸ਼ਕਤੀ ਦੇ ਵਿਕੇਂਦਰੀਕਰਣ ਦੇ ਇਤਿਹਾਸ ਦਾ ਇੱਕ ਮਹੱਤਵਪੂਰਨ ਦਿਨ ਸੀ , ਦਸੰਬਰ 1992 ਵਿੱਚ ਭਾਰਤੀ ਸੰਸਦ ਨੇ 73ਵੀਂ ਸੋਧ ਪਾਸ ਕੀਤੀ ਸੀ।ਪੰਚਾਇਤੀ ਰਾਜ ਨੂੰ ਸੰਸਥਾਗਤ ਰੂਪ ਦਿੱਤਾ ਗਿਆ ਸੀ ਤੇ ਇਹ ਕਾਨੂੰਨ ਵੀ ਉਸੇ ਦਿਨ ਤੋਂ ਲਾਗੂ ਹੋ ਗਿਆ ਸੀ। ਪੰਚਾਇਤੀ ਰਾਜ ਦੋ ਸਬਦਾਂ ਤੋਂ ਬਣਿਆਂ ਹੈ।ਸ਼ਬਦ ਰਾਜ ਦਾ ਅਰਥ ÷ਹਕੂਮਤ÷ ਹੈ ਅਤੇ ਪੰਚਾਇਤ ਦਾ ਭਾਵ ਪੰਜ (ਪੰਚ) ਦੀ ÷ਸਭਾ÷ (ਅਯਾਤ) ਹੈ। ਰਵਾਇਤੀ ਪੰਚਾਇਤਾਂ ਵਿੱਚ ਸਥਾਨਕ ਭਾਈਚਾਰੇ ਦੁਆਰਾ ਚੁਣੇ ਗਏ ਅਤੇ ਸਵੀਕਾਰ ਕੀਤੇ ਜਾਣ ਵਾਲੇ ਬੁੱਧੀਮਾਨ ਅਤੇ ਆਦਰਯੋਗ ਬਜ਼ੁਰਗ ਸ਼ਾਮਲ ਹੁੰਦੇ ਸਨ। ਪਰ ਅਜਿਹੀਆਂ ਸਭਾਵਾਂ ਦੇ ਵੱਖੋ-ਵੱਖਰੇ ਰੂਪ ਸਨ। ਰਵਾਇਤੀ ਤੌਰ @ਤੇ, ਇਹ ਸਭਾਵਾਂ ਵਿਅਕਤੀਆਂ ਅਤੇ ਪਿੰਡਾਂ ਵਿਚਕਾਰ ਝਗੜਿਆਂ ਦਾ ਨਿਪਟਾਰਾ ਕਰਦੀਆਂ ਸਨ। ਪੰਚਾਇਤ ਦੇ ਨੇਤਾ ਨੂੰ ਅਕਸਰ ਮੁਖੀਆ ਜਾਂ ਸਰਪੰਚ ਕਿਹਾ ਜਾਂਦਾ ਸੀ। ਪੰਜਾਬ ਪੰਚਾਇਤੀ ਰਾਜ ਐਕਟ 23 ਅਪ੍ਰੈਲ 1994 @ਚ ਪੰਜਾਬ ਵਿਧਾਨ ਸਭਾ ਦੀ ਪ੍ਰਵਾਨਗੀ ਤੋਂ ਬਾਅਦ ਲਾਗੂ ਹੋ ਗਿਆ ਸੀ।ਇਹ ਪੰਚਾਇਤ ਸਮਿਤੀਆਂ ਅਤੇ ਜ਼ਿਲ੍ਹਾ ਪ੍ਰੀਸ਼ਦਾਂ ਨਾਲ ਸਬੰਧਿਤ ਪੰਜਾਬ ਗ੍ਰਾਮ ਪੰਚਾਇਤ ਐਕਟ 1952 ਅਤੇ ਪੰਜਾਬ ਗ੍ਰਾਮ ਸਮਿਤੀਆਂ ਤੇ ਜ਼ਿਲ੍ਹਾ ਪ੍ਰੀਸ਼ਦ ਐਕਟ, 1961 ਦੀ ਥਾਂ ਲਿਆਦਾਂ ਗਿਆ ਸੀ। ਇਹ ਲੋਕਤੰਤਰ ਦੀ ਮੁੱਢਲੀ ਇਕਾਈ ਹੈ ਨੌਕਰਸ਼ਾਹੀ ਤੇ ਸੱਤਾ ਦੇ ਦਲਾਲਾਂ ਦੁਆਰਾ ਫੰਡ ਨੂੰ ਗਲਤ ਤਰੀਕੇ ਨਾਲ ਵਰਤੇ ਜਾਣ ਨੂੰ ਰੋਕਣ ਦੇ ਢੰਗ ਤਰੀਕੇ ਲੱਭਣ ਲਈ ਵੱਖ ਵੱਖ ਸਮੇਂ ਮਾਹਿਰਾਂ ਦੀਆਂ ਕਮੇਟੀਆਂ ਬਣਾਈਆਂ ਗਈਆਂ ਸਨ ਜਿਨ੍ਹਾਂ ਦੇ ਨਾਂ ਬਲਵੰਤ ਰਾਏ ਕਮੇਟੀ, ਅਸ਼ੋਕ ਮਹਿਤਾ ਕਮੇਟੀ, ਬੀ ਕੇ ਰਾਓ ਕਮੇਟੀ ਤੇ ਸਿੰਘਵੀ ਕਮੇਟੀਆਂ ਪ੍ਰਮੁੱਖ ਹਨ ਤੇ ਇਹਨਾਂ ਮਾਹਿਰਾਂ ਦੀ ਰਾਇ ▾ਤੇ 1992 ਵਿੱਚ '73ਵੀਂ ਸੰਵਿਧਾਨ ਸੋਧ' ਐਕਟ ਪਾਸ ਕੀਤਾ ਗਿਆ। ਇਹ ਪੰਚਾਇਤੀ ਰਾਜ ਪ੍ਰਣਾਲੀ ਕੇਂਦਰ ਸਰਕਾਰ ਤੇ ਰਾਜ ਸਰਕਾਰਾਂ ਵਾਂਗ ਪੰਚਾਇਤਾਂ ਸਥਾਨਕ ਸਵੈ-ਸਰਕਾਰ' ਨੂੰ ਸਾਰੀਆਂ ਸ਼ਕਤੀਆਂ ਕਾਨੂੰਨ ਵਿੱਚ ਉਪਲਬਧ ਕਰਵਾਈਆਂ ਗਈਆਂ।



ਪੰਚਾਇਤੀ ਐਕਟ ਅਨੁਸਾਰ ਗ੍ਰਾਮ ਪੰਚਾਇਤ ਦੇ ਅਧਿਕਾਰ ਖੇਤਰ ਵਾਲੀ ਵੋਟਰ ਸੂਚੀ ਵਿਚ ਦਰਜ ਵਿਅਕਤੀਆਂ ਦੇ ਸਮੂਹ ਨੂੰ ਗ੍ਰਾਮ ਸਭਾ ਕਿਹਾ ਜਾਂਦਾ ਭਾਵ ਹਰ ਵੋਟਰ ਗ੍ਰਾਮ ਸਭਾ ਦਾ ਮੈਂਬਰ ਹੈ। ਆਮ ਤੌਰ 'ਤੇ 'ਰਾਸ਼ਟਰੀ ਪੰਚਾਇਤ ਰਾਜ ਦਿਵਸ' ਇੱਕਓ ਵੱਡੇ ਸਮਾਰੋਹ ਵਜੋਂ ਮਨਾਇਆ ਜਾਂਦਾ ਹੈ ਅਤੇ ਇਸ ਨੂੰ ਜ਼ਿਆਦਾਤਰ ਦਿੱਲੀ ਤੋਂ ਬਾਹਰ ਮਨਾਇਆ ਜਾਂਦਾ ਹੈ। ਇਹ ਦੱਖਣੀ ਏਸ਼ੀਆ ਵਿੱਚ ਸਥਾਨਕ ਸਰਕਾਰਾਂ ਦੀ ਸਭ ਤੋਂ ਪੁਰਾਣੀ ਪ੍ਰਣਾਲੀ ਹੈ, ਅਤੇ ਇਤਿਹਾਸਕ ਜ਼ਿਕਰ ਅੰ. 250 ਏ.ਡੀ. ਦੇ ਸਮੇਂ ਮਿਲਦਾ ਹੈ।ਅਸਲ ਵਿੱਚ ਇਸ ਸੰਪੂਰਨ ਪੰਚਾਇਤੀ ਰਾਜ ਪ੍ਰਣਾਲੀ ਸਿਸਟਮ ਦੇ ਐਕਟ ਨੂੰ 20 ਅਪ੍ਰੈਲ 1993 ਨੂੰ ਰਾਸ਼ਟਰਪਤੀ ਵੱਲੋਂ ਪ੍ਰਵਾਨ ਕਰ ਲਿਆ ਗਿਆ ਅਤੇ 24 ਅਪ੍ਰੈਲ 1993 ਤੋਂ ਲਾਗੂ ਹੋ ਗਿਆ ਤੇ ਹਰ ਸਾਲ 24 ਅਪ੍ਰੈਲ ਨੂੰ ਭਾਰਤ ਵਿੱਚ ਪੰਚਾਇਤੀ ਦਿਵਸ ਵਜੋਂ ਮਨਾਇਆ ਜਾਂਦਾ ਹੈ । ਗ੍ਰਾਮ ਸਭਾ ਅਤੇ ਗ੍ਰਾਮ ਪੰਚਾਇਤ ਅਸਲ ਵਿੱਚ ਪਿੰਡ ਵਿੱਚ ਵਿਕਾਸ ਅਤੇ ਭਲਾਈ ਪ੍ਰੋਗਰਾਮਾਂ ਨੂੰ ਲਾਗੂ ਕਰਨ, ਪੰਚਾਇਤ ਦੇ ਅਧੀਨ ਆਉਂਦੇ ਖੇਤਰ ਵਿੱਚ ਰਹਿਣ ਵਾਲੇ ਲੋਕਾਂ ਦੀਆਂ ਜ਼ਰੂਰਤਾਂ ਅਤੇ ਸਮੱਸਿਆਵਾਂ ਨੂੰ ਸਮਝਣ ਅਤੇ ਦੋ ਪਿੰਡ ਵਾਸੀਆਂ ਅਤੇ ਦੋ ਪਿੰਡਾਂ ਦੇ ਵਿੱਚਕਾਰ ਮੁੱਦਿਆਂ ਨੂੰ ਸੁਲਝਾਉਣ ਲਈ ਸਥਾਪਤ ਕੀਤੇ ਗਏ ਹਨ।

ਪੰਚਾਇਤੀ ਰਾਜ ਦੀਆਂ ਕੁੱਝ ਮਹੱਤਵਪੂਰਨ ਗੱਲਾਂ --ਤਿੰਨ ਪੱਧਰੀ ਪੰਚਾਇਤ-ਘਰਾਂ ਪ੍ਰਣਾਲੀ ਦੀ ਸਥਾਪਨਾ ਵਿਕਾਸ ਪਰਿਸ਼ਦ ਅਤੇ ਭਾਰਤ ਸਰਕਾਰ ਨੇ ਕੀਤੀ ।ਸਭ ਤੋ ਪਹਿਲਾ ਰਾਜ ਰਾਜਸਥਾਨ ਸੀ ਜਿਸਨੇ ਪੰਚਾਇਤੀ ਰਾਜ ਨੂੰ ਅਪਣਾਇਆ।2 ਅਕਤੂਬਰ 1959 ਈ. ਵਿੱਚ ਪੰਡਿਤ ਜਵਾਹਰ ਲਾਲ ਨਹਿਰੂ ਨੇ ਰਾਜਸਥਾਨ ਵਿੱਚ ਪੰਚਾਇਤੀ ਰਾਜ ਦਾ ਉਦਘਾਟਨ ਕੀਤਾ।ਪੰਜਾਬ ਵਿੱਚ ਪੰਚਾਇਤੀ ਰਾਜ ਦੀਆਂ ਚਾਰ ਸੰਸਥਾਵਾਂ ਸਥਾਪਿਤ ਕੀਤੀਆਂ ਗਈਆਂ ਹਨ।

੧.ਗ੍ਰਾਮ ਸਭਾ
੨.ਗ੍ਰਾਮ ਪੰਚਾਇਤ
੩.ਪੰਚਾਇਤ ਸੰਮਤੀ
੪.ਜਿਲ੍ਹਾਂ ਪਰਿਸ਼ਦ

ਪੰਚਾਇਤੀ ਐਕਟ ਅਨੁਸਾਰ ਗ੍ਰਾਮ ਪੰਚਾਇਤ ਦੇ ਅਧਿਕਾਰ ਖੇਤਰ ਵਾਲੀ ਵੋਟਰ ਸੂਚੀ ਵਿਚ ਦਰਜ ਵਿਅਕਤੀਆਂ ਦੇ ਸਮੂਹ ਨੂੰ ਗ੍ਰਾਮ ਸਭਾ ਕਿਹਾ ਜਾਂਦਾ ਭਾਵ ਹਰ ਵੋਟਰ ਗ੍ਰਾਮ ਸਭਾ ਦਾ ਮੈਂਬਰ ਹੈ।

ਸਰਪੰਚ ਦੀ ਚੋਣ ਸਿੱਧੇ ਵੋਟਰਾਂ ਦੁਆਰਾ ਜਾਂ ਪੰਚਾਂ ਦੁਆਰਾ ਕੀਤੀ ਜਾਵੇਗੀ ।73 ਵੀਂ ਸੋਧ ਅਨੁਸਾਰ ਗ੍ਰਾਮ ਸਭਾ ਦੀਆਂ ਭੂਮਿਕਾਵਾਂ, ਸ਼ਕਤੀਆਂ ਅਤੇ ਕਾਰਜ ਰਾਜ ਵਿਧਾਨ ਸਭਾ ਦੁਆਰਾ ਨਿਰਧਾਰਤ ਕੀਤੇ ਜਾਂਦੇ ਹਨ। ਗ੍ਰਾਮ ਸਭਾ ਦੀਆਂ ਦੋ ਮੀਟਿੰਗਾਂ ਹਰ ਸਾਲ ਆਯੋਜਿਤ ਕੀਤੀਆਂ ਜਾਂਦੀਆਂ ਹਨ, ਜਿਸ ਵਿੱਚ ਪਹਿਲੀ ਮੀਟਿੰਗ ਗ੍ਰਾਮ ਪੰਚਾਇਤ ਦੇ ਬਜਟ @ਤੇ ਵਿਚਾਰ ਕਰਨ ਲਈ ਹੁੰਦੀ ਹੈ ਅਤੇ ਦੂਜੀ ਮੀਟਿੰਗ ਪੰਚਾਇਤ ਦੀਆਂ ਰਿਪੋਰਟਾਂ ਨੂੰ ਧਿਆਨ ਵਿੱਚ ਰੱਖਣ ਲਈ ਹੁੰਦੀ ਹੈ. ਸਭਾ ਦੇ ਮੈਂਬਰ ਪਿੰਡ ਦੀ ਪੰਚਾਇਤ, ਭਾਵ ਇਸਦੇ ਮੈਂਬਰਾਂ ਅਤੇ ਚੇਅਰਪਰਸਨ, ਵਿੱਚ ਇੱਕ ਗੁਪਤ ਮਤਦਾਨ ਰਾਹੀਂ ਵੋਟਿੰਗ ਰਾਹੀਂ ਆਪਣੇ ਪ੍ਰਤੀਨਿਧ ਚੁਣਦੇ ਹਨ।

ਪੰਚਾਇਤ ਸੰਮਤੀ ਹਰੇਕ ਬਲਾਕ ਵਿੱਚ ਇੱਕ ਪੰਚਾਇਤ ਸੰਮਤੀ ਗਠਨ ਕੀਤੇ ਜਾਣ ਦਾ ਪ੍ਰਬੰਧ ਹੈ। ਇਸ ਦਾ ਸਭਾਪਤੀ ਤੇ ਉਪ ਸਭਾਪਤੀ ਚੁਣੇ ਹੋਏ ਮੈਂਬਰਾਂ ਵਿਚੋਂ ਹੋਵੇਗਾ। ਮੈਂਬਰਾਂ ਦੀ ਗਿਣਤੀ 15 ਤੋਂ 25 ਤੱਕ ਹੋ ਸਕਦਾ ਹੈ। ਸੰਮਤੀ ਦੀ ਦੋ ਮਹੀਨਿਆਂ ਵਿੱਚ ਘੱਟੋ ਘੱਟ ਇੱਕ ਬੈਠਕ ਬੁਲਾਉਣੀ ਲਾਜ਼ਮੀ ਹੋਵੇਗੀ।ਜਿਲਾ ਪ੍ਰੀਸਦ ਦੇ ਮੈਂਬਰ ਵੀ ਵੋਟਰਾਂ ਦੁਆਰਾ ਚੁਣੇ ਜਾਣਗੇ। ਚੁਣੇ ਗਏ ਮੈਂਬਰ ਆਪਣੇ ਸਭਾਪਤੀ ਅਤੇ ਉਪ ਸਭਾਪਤੀ ਦੀ ਚੋਣ ਕਰਨਗੇ। ਰਾਜ ਦਾ ਰਾਜਪਾਲ 73ਵੀਂ ਸੰਵਿਧਾਨਕ ਸੋਧ ਲਾਗੂ ਹੋਣ ਤੋਂ ਇੱਕ ਸਾਲ ਦੇ ਅੰਦਰ -ਅੰਦਰ ਵਿੱਤ ਕਮਿਸ਼ਨ ਨਿਯੁਕਤ ਕਰੇਗਾ, ਜਿਸ ਦਾ ਕਾਰਜ ਪੰਜ ਸਾਲ ਹੋਵੇਗਾ। ਗ੍ਰਾਮ ਪੰਚਾਇਤ ਗ੍ਰਾਮ ਸਭਾ ਦੀ ਕਾਰਜਕਾਰੀ ਕਮੇਟੀ ਦੇ ਰੂਪ ਵਿੱਚ ਕੰਮ ਕਰਨ ਵਾਲੀ ਪੇਂਡੂ ਸਥਾਨਕ ਸਵੈ-ਸਰਕਾਰ ਦੀ ਮੁੱਢਲੀ ਸੰਸਥਾ ਹੈ।



ਅਸਿਸਟੈਂਟ ਪ੍ਰੋ. ਗਗਨਦੀਪ ਕੌਰ ਧਾਲੀਵਾਲ
ਕੁਰੜ ਬਰਨਾਲਾ ।
ਮਾਤਾ ਗੁਰਦੇਵ ਕੌਰ ਮੈਮੋਰੀਅਲ ਐਜੂਕੇਸ਼ਨ ਕਾਲਜ ਬਰੇਟਾ ।

## ਵਿਧਾਇਕ ਭੋਲਾ ਵੱਲੋਂ ਹਲਕੇ ਦੇ ਸੰਵੇਦਨਸ਼ੀਲ ਮੁੱਦਿਆਂ ਸਬੰਧੀ ਮੁੱਖ ਮੰਤਰੀ ਨਾਲ ਖਾਸ ਮੁਲਾਕਾਤ

**ਲੁਧਿਆਣਾ/ਸੁਖਚੈਨ ਮਹਿਰਾ, ਕਰਨ ਅੱਗਰਵਾਲ**

ਹਲਕਾ ਲੁਧਿਆਣਾ ਪੂਰਬੀ ਤੋਂ ਵਿਧਾਇਕ ਸ. ਦਲਜੀਤ ਸਿੰਘ ਗਰੇਵਾਲ (ਭੋਲਾ) ਵੱਲੋਂ ਅੱਜ ਆਪਣੇ ਹਲਕੇ ਦੇ ਬੇਹੱਦ ਸੰਵੇਦਨਸ਼ੀਲ ਮੁੱਦਿਆਂ ਬਾਰੇ ਪੰਜਾਬ ਦੇ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਨਾਲ ਖਾਸ ਮੁਲਾਕਾਤ ਕੀਤੀ ਅਤੇ ਇਨ੍ਹਾਂ ਮਸਲਿਆਂ ਦੇ ਨਿਪਟਾਰੇ ਸੰਬੰਧੀ ਚਰਚਾ ਕੀਤੀ। ਇਸ ਸਬੰਧੀ ਵਿਸਥਾਰ ਨਾਲ ਜਾਣਕਾਰੀ ਦਿੰਦਿਆਂ ਵਿਧਾਇਕ ਭੋਲਾ ਨੇ ਦੱਸਿਆ ਕਿ ਉਨ੍ਹਾਂ ਆਪਣੇ ਹਲਕੇ ਨਾਲ ਸਬੰਧਤ ਵੱਖ-ਵੱਖ ਮੁੱਦਿਆਂ ਬਾਰੇ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਨੂੰ ਜਾਣੂੰ ਕਰਵਾਇਆ। ਉਨ੍ਹਾਂ ਅੱਗੇ ਦੱਸਿਆ ਕਿ ਉਨ੍ਹਾਂ ਖਾਸ ਤੌਰ @ਤੇ ਹਲਕਾ ਪੂਰਬੀ ਦੇ ਵਸਨੀਕਾਂ ਦਾ ਐਨ.ਓ.ਸੀ. ਦੀ ਸਮੱਸਿਆ ਕਰਕੇ ਬਿਜਲੀ ਮੀਟਰਾਂ ਦਾ ਅਪਲਾਈ ਨਾ ਹੋਣਾ, ਬੰਦ ਪਈਆਂ ਰਜਿਸਟਰੀਆਂ ਬਾਰੇ, ਕੂੜੇ ਦੇ ਡੰਪ ਦੀ ਸਮੱਸਿਆ, ਬੁੱਢੇ ਨਾਲੇ ਨੂੰ ਬੁੱਢੇ ਦਰਿਆ ਵਿੱਚ ਤਬਦੀਲ ਕਰਨ ਲਈ ਇਸ ਦੇ ਨਵੀਨੀਕਰਣ ਅਤੇ ਸੁੰਦਰੀਕਰਨ ਕਰਨ ਸਬੰਧੀ, ਹਲਕੇ ਵਿੱਚ ਵਿਕਦੇ ਨਸ਼ੇ ਅਤੇ ਥਾਣਿਆਂ ਵਿੱਚ ਫੋਰਸ ਦੀ ਕਮੀ ਵਰਗੇ ਬੇਹੱਦ ਸੰਵੇਦਨਸ਼ੀਲ ਮੁੱਦਿਆਂ ਬਾਰੇ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਨਾਲ ਵਿਚਾਰ ਚਰਚਾ



ਕੀਤੀ। ਵਿਧਾਇਕ ਭੋਲਾ ਨੇ ਕਿਹਾ ਮੁੱਖ ਮੰਤਰੀ ਵੱਲੋਂ ਇਨ੍ਹਾਂ ਮੁੱਦਿਆਂ ਨੂੰ ਬਹੁਤ ਸੰਜੀਦਗੀ ਨਾਲ ਸੁਣਿਆ ਤੇ ਜਲਦ ਨਿਪਟਾਰੇ ਤੇ ਹਰ ਸੰਭਵ ਸਹਿਯੋਗ ਦਾ ਵੀ ਭਰੋਸਾ ਦਿੱਤਾ। ਵਿਧਾਇਕ ਸ. ਦਲਜੀਤ ਸਿੰਘ ਗਰੇਵਾਲ (ਭੋਲਾ) ਨੇ ਕਿਹਾ ਕਿ ਮੌਜੂਦਾ ਮੁਖ ਮੰਤਰੀ ਪੰਜਾਬ ਸ. ਭਗਵੰਤ ਸਿੰਘ ਮਾਨ ਬੇਹੱਦ ਮਿਹਨਤੀ, ਇਮਾਨਦਾਰ, ਦੂਰਦਰਸ਼ੀ ਅਤੇ ਸੂਝਵਾਨ ਸ਼ਖ਼ਸੀਅਤ ਦੇ ਮਾਲਿਕ ਹਨ ਅਤੇ ਸੂਬੇ ਦੀ ਜਨਤਾ ਨੂੰ ਹਰ ਉਹ ਹੱਕ ਦਿਲਾਉਣਾ ਚਾਹੁੰਦੇ ਹਨ ਜਿਨ੍ਹਾਂ ਤੇ ਜਨਤਾ ਦਾ ਅਧਿਕਾਰ ਬਣਦਾ ਹੈ ਅਤੇ ਆਪਣੇ ਇਸ ਕਾਰਜ ਨੂੰ ਬੜੀ ਮਿਹਨਤ ਅਤੇ ਨਿਸਵਾਰਥ ਭਾਵ ਨਾਲ ਕਰ ਰਹੇ ਹਨ।

## ਹੁਣ ਹਿਮਾਚਲ ਵਿੱਚ ਵੀ ਬਣੇਗੀ ਆਮ ਆਦਮੀ ਪਾਰਟੀ ਦੀ ਸਰਕਾਰ-ਰਮਨ ਬਹਿਲ

**ਗੁਰਦਾਸਪੁਰ/ਨਵਨੀਤ ਕੁਮਾਰ**

ਗੁਰਦਾਸਪੁਰ ਨਾਲ ਸਬੰਧਤ ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਰਮਨ ਬਹਿਲ ਨੇ ਹਿਮਾਚਲ ਪਰਦੇਸ ਵਿੱਚ ਚਲ ਰਹੇ ਚੋਣ ਪ੍ਰਚਾਰ ਦੌਰਾਨ ਪਾਰਟੀ ਦੇ ਕਨਵੀਨਰ ਅਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨਾਲ ਮੁਲਾਕਾਤ ਕੀਤੀ। ਜ਼ਿਕਰਯੋਗ ਹੈ ਕਿ ਹਿਮਾਚਲ ਪ੍ਰਦੇਸ਼ ਚੋਣਾਂ ਵਿੱਚ ਅਰਵਿੰਦ ਕੇਜਰੀਵਾਲ ਇੱਕ ਵਿਸ਼ਾਲ ਜਨ ਸਭਾ ਨੂੰ ਸੰਬੋਧਨ ਕਰਨ ਲਈ ਪਹੁੰਚੇ ਸਨ ਅਤੇ ਰਮਨ ਬਹਿਲ ਨੂੰ ਵੀ ਪਾਰਟੀ ਵੱਲੋਂ ਇੱਕ ਜੋਨ ਵਿਚ ਚੋਣ ਪ੍ਰਚਾਰ ਲਈ ਇੰਚਾਰਜ ਨਿਯੁਕਤ ਕੀਤਾ ਗਿਆ ਹੈ। ਇਸ ਸੰਬੰਧ ਵਿਚ ਰਮਨ ਬਹਿਲ ਸਾਬਕਾ ਚੇਅਰਮੈਨ ਐਸ ਐਸ ਐਸ ਬੋਰਡ ਪੰਜਾਬ ਨੇ ਗੱਲਬਾਤ ਕਰਦਿਆਂ ਕਿਹਾ ਕਿ ਜਿਸ ਤਰ੍ਹਾਂ ਪੰਜਾਬ ਦੇ ਲੋਕਾਂ ਨੇ ਇਤਿਹਾਸ ਸਿਰਜਿਆ ਹੈ ਉਸੇ ਤਰ੍ਹਾਂ ਹੁਣ ਹਿਮਾਚਲ ਪ੍ਰਦੇਸ਼ ਦੇ ਲੋਕ ਵੀ ਆਮ ਆਦਮੀ ਪਾਰਟੀ ਦੀ ਸਰਕਾਰ ਬਣਾਉਣਗੇ। ਉਨ੍ਹਾਂ ਕਿਹਾ ਕਿ ਦਿੱਲੀ ਵਾਸੀਆਂ ਨੇ ਅਰਵਿੰਦ ਕੇਜਰੀਵਾਲ ਤੇ ਭਰੋਸਾ ਕੀਤਾ ਸੀ ਅਤੇ ਉਨ੍ਹਾਂ ਦੇ ਹੱਥ ਦਿੱਲੀ ਦੀ ਵਾਗਡੋਰ ਸੌਂਪੀ ਸੀ ਜਿਸ ਦੇ ਬਾਅਦ ਅਰਵਿੰਦ ਕੇਜਰੀਵਾਲ ਦੀ ਅਗਵਾਈ ਵਾਲੀ ਸਰਕਾਰ ਨੇ ਦਿੱਲੀ ਵਿੱਚ ਆਪਣੇ ਵਾਅਦਿਆਂ ਨੂੰ ਸੱਚਾ ਕਰਕੇ ਦਿਖਾਇਆ ਅਤੇ ਉੱਥੇ ਦੇ ਲੋਕਾਂ ਨੂੰ ਵਧੀਆ ਸਰਕਾਰ ਚਲਾ ਕੇ ਦਿਖਾਇਆ ਹੈ।ਇਸੇ ਕਾਰਨ ਪੰਜਾਬ ਦੇ ਲੋਕਾਂ ਨੇ ਵੀ ਆਮ ਆਦਮੀ ਪਾਰਟੀ ਦੇ ਹੱਕ ਵਿੱਚ ਇਕਤਰਫ਼ਾ ਫਤਵਾ ਦੇ ਕੇ ਪੰਜਾਬ ਦਾ ਇਤਿਹਾਸ ਹੀ ਬਦਲ ਦਿੱਤਾ ਹੈ। ਸੀਨੀਅਰ ਆਪ ਆਗੂ ਵਰਮਨ ਬਹਿਲ ਨੇ ਅੱਗੇ ਕਿਹਾ ਕਿ ਹਿਮਾਚਲ ਪ੍ਰਦੇਸ਼ ਅੰਦਰ ਅਰਵਿੰਦ ਕੇਜਰੀਵਾਲ ਦੀ ਆਮਦ ਮੌਕੇ ਹੋਈ ਵਿਸ਼ਾਲ ਜਨ ਸਭਾ ਵਿੱਚ ਲੋਕਾਂ ਦੇ ਇਕੱਠ ਨੇ ਸਪੱਸ਼ਟ ਕਰ ਦਿੱਤਾ ਹੈ ਕਿ ਹੁਣ ਪੂਰੇ ਦੇਸ਼ ਅੰਦਰ ਬਦਲਾਅ ਦਾ ਦੌਰ ਸ਼ੁਰੂ ਹੋ ਗਿਆ ਹੈ ਅਤੇ ਜਿਹੜੇ ਸੂਬਿਆਂ ਵਿਚ ਚੋਣਾਂ ਹੋਣਗੀਆਂ ਉੱਥੇ ਆਮ ਆਦਮੀ ਪਾਰਟੀ ਦਾ ਝੰਡਾ ਬੁਲੰਦ ਹੁੰਦਾ ਜਾਏਗਾ ।



# ਅਪੋਲੋ ਪਬਲਿਕ ਸਕੂਲ ਦੇਵੀਗੜ ਵਿਖੇ 'ਵਿਸ਼ਵ ਧਰਤੀ ਦਿਵਸ ਮਨਾਇਆ



**ਪਟਿਆਲਾ/ਦੇਵੀਗੜ/ਇਕਬਾਲ ਸਿੰਘ**

ਅਪੋਲੋ ਪਬਲਿਕ ਸਕੂਲ, ਦੇਵੀਗਡ ? ਵਿਖੇ ਪ੍ਰਿੰਸੀਪਲ ਨੀਲਮਾ ਦੀਕਸ਼ਤ ਦੀ ਅਗਵਾਈ ਹੇਠ 'ਵਿਸ਼ਵ ਧਰਤੀ ਦਿਵਸ' ਮਨਾਇਆ ਗਿਆ। ਇਸ ਮੌਕੇ 'ਤੇ ਵਿਦਿਆਰਥੀਆਂ ਵੱਲੋਂ 'ਵਾਤਾਵਰਨ ਸੁਰੱਖਿਆ ਅਤੇ ਸੰਭਾਲ' ਪ੍ਰਤੀ ਜਾਗਰੂਕ ਹੋਣ 'ਤੇ ਭਾਸ਼ਣ ਦਿੱਤੇ ਗਏ ਅਤੇ ਅਧਿਆਪਕਾਂ ਵੱਲੋਂ ਬੱਚਿਆਂ ਨੂੰ ਪੌਦਾ ਲਗਾਉਣ ਦੀ ਪ੍ਰਕਿਰਿਆ ਬਾਰੇ ਦੱਸਿਆ ਗਿਆ। ਪ੍ਰਿੰਸੀਪਲ ਨੀਲਮਾ ਦਿਕਸ਼ਿਤ ਨੇ ਵੀ ਇਸ ਪ੍ਰਕਿਰਿਆ ਵਿੱਚ ਹਿੱਸਾ ਲੈਂਦਿਆਂ ਸਭ ਨੂੰ ਵੱਧ ਤੋਂ ਵੱਧ ਰੁੱਖ ਲਗਾਉਣ ਦੀ ਅਪੀਲ ਕੀਤੀ। ਇਸ ਮੌਕੇ ਪ੍ਰਿੰਸੀਪਲ ਨੀਲਮਾ ਦੀਕਸ਼ਤ ਨੇ ਕਿਹਾ ਕਿ ਵਿਗਿਆਨੀ ਦਹਾਕਿਆਂ ਤੋਂ ਚਿਤਾਵਨੰ ਦੇ ਰਹੇ ਹਨ ਕਿ ਦੁਨੀਆਂ ਦੇ ਜਲਵਾਯੂ 'ਚ ਤਬਦੀਲੀਆਂ ਸ਼ੁਰੂ ਹੋ ਚੁੱਕੀਆਂ ਹਨ ਸਿੱਟੇ ਤਬਹਾਕੁੰਨ ਹੋਣਗੇ। ਉਹਨਾਂ ਕਿਹਾ ਕਿ ਧਰਤੀ ਜੀਵੰਤ ਪ੍ਰਨਾਲੀ ਹੈ। ਜਲ ਭੂਮੀ, ਪੌਣ ਬਨਸਪਤੀ ਅਤੇ ਪ੍ਰਾਣੀ ਸਭ ਇੱਕ ਦੂਜੇ ਉੱਪਰ ਅਧਾਰਤ ਹਨ ਅਤੇ ਇੱਕੋ ਤਾਣੇ ਬਾਣੇ ਵਿੱਚ ਜੁਡ ? ਹੋਏ ਹਨ। ਜੇਕਰ ਇੱਕ ਵੀ ਹਿੱਲ ਗਿਆ ਤਾਂ ਸਮੁੱਚੀ ਤਾਣੀ ਉਅਝ ਜਾਵੇਗੀ। ਇਸ ਦੌਰਾਨ ਉਹਨਾਂ ਵਿਦਿਆਰਥੀਆਂ ਅਤੇ ਸਟਾਫ ਨੂੰ ਅਪੀਲ ਕੀਤੀ ਕਿ ਆਪਣੇ ਆਲੇ ਦੁਆਲੇ ਵੱਧ ਤੋਂ ਵੱਧ ਦਰਖੱਤ ਲਗਾਉਣ ਅਤੇ ਵਾਤਾਵਰਣ ਨੂੰ ਸ਼ੁੱਧ ਰੱਖਣ ਵਿੱਚ ਆਪਣਾ ਅਹਿਮ ਯੋਗਦਾਨ ਪਾਉਣ।

# ਜੇਕਰ ਪੰਜਾਬ ਸਰਕਾਰ ਨੇ ਸਹਿਕਾਰੀ ਐਕਟ ਦੀ ਧਾਰਾ 67ਏ ਨਾ ਤੋੜੀ ਤਾਂ ਕਿਸਾਨਾਂ ਦੇ ਵਿਰੋਧ ਦਾ ਸਾਹਮਣਾ ਕਰਨ ਲਈ ਤਿਆਰ ਰਹੇ: ਨਰਿੰਦਰ ਲੇਹਲਾਂ

**ਪਟਿਆਲਾ/ਦੇਵੀਗੜ/ਇਕਬਾਲ ਸਿੰਘ**

ਭਾਰਤੀ ਕਿਸਾਨ ਯੂਨੀਅਨ ਰਾਜੇਵਾਲ ਦੀ ਇੱਕ ਅਹਿਮ ਮੀਟਿੰਗ ਅਨਾਜ ਮੰਡੀ ਦੁੱਧਨਸਾਧਾਂ ਵਿਖੇ ਬਲਾਕ ਪ੍ਰਧਾਨ ਗੁਰਚਰਨ ਸਿੰਘ ਪਰੋਡ ? ਦੀ ਪ੍ਰਧਾਨਗੀ ਹੇਠ ਹੋਈ। ਇਸ ਮੀਟਿਗ ਦੌਰਾਨ ਗੁਰਚਰਨ ਸਿੰਘ ਪਰੋਡ ? ਨੇ ਬੋਲਦਿਆਂ ਕਿਹਾ ਕਿ ਹਾੜ ?ੀ ਦੇ ਸੀਜਨ ਦੌਰਾਨ ਕੁਦਰਤੀ ਕਰੋਪੀ ਕਾਰਨ ਜੋ ਕਣਕ ਦਾ ਝਾੜ ? 60 ਪ੍ਰਤੀਸ਼ਤ ਘਟਿਆ ਹੈ। ਉਸ ਨਾਲ ਕਿਸਾਨੀ ਦੀ ਹਾਲਾਤ ਬਦ ਤੋਂ ਬਦਤਰ ਹੋ ਗਈ ਹੈ। ਇਸ ਲਈ ਪੰਜਾਬ ਸਰਕਾਰ ਪੰਦਰਾਂ ਹਜਾਰ ਰੁਪਏ ਪ੍ਰਤੀ ਏਕੜ ? ਕਿਸਾਨਾਂ ਨੂੰ ਮੁਆਵਜਾ ਦੇਵੇ। ਇਸ ਮੀਟਿੰਗ ਦੌਰਾਨ ਵਿਸ਼ੇਸ਼ ਤੌਰ ਤੇ ਹਾਜਰ ਹੋਏ ਜਿਲਾ ਪ੍ਰਧਾਨ ਨਰਿੰਦਰ ਸਿੰਘ ਲੇਹਲਾਂ ਨੇ ਕਿਹਾ ਕਿ ਸਹਿਕਾਰੀ ਐਕਟ ਦੀ ਧਾਰਾ 67ਏ ਦੇ ਵਿੱਚ ਕਿਸਾਨਾਂ ਨੂੰ ਨੋਟਿਸ ਜਾਰੀ



ਕੀਤੇ ਹਨ ਉਹ ਵਾਪਸ ਲਏ ਜਾਣ ਅਤੇ ਧਾਰਾ 67ਏ ਨੂੰ ਤੁਰੰਤ ਸਸਪੈਂਡ ਕੀਤਾ ਜਾਵੇ ਨਹੀਂ ਤਾਂ ਪੰਜਾਬ ਸਰਕਾਰ ਕਿਸਾਨਾਂ ਦੇ ਵਿਰੋਧ ਦਾ ਸਾਹਮਣਾ ਕਰਨ ਲਈ ਤਿਆਰ ਰਹੇ। ਮੀਟਿੰਗ ਦੌਰਾਨ ਇਲਾਕੇ ਦੇ ਦੋ ਕਿਸਾਨ ਨਿਰਪਾਲ ਸਿੰਘ ਅਸਮਾਨਪੁਰ ਅਤੇ ਹਰਜਿੰਦਰ ਸਿੰਘ ਮੀਰਾਂਪੁਰ ਵਲੋਂ ਆਰਥਿਕ ਤੰਗੀ ਕਾਰਨ ਕੀਤੀਆਂ ਖੁਦਕੁਸ਼ੀਆਂ ਤੇ ਸ਼ੋਕ ਜਾਹਰ ਕੀਤਾ ਅਤੇ ਦੋ ਮਿੰਟ ਦਾ ਮੋਟ ਰੱਖ ਕੇ ਸ਼ਰਧਾਂਜਲੀ ਦਿੱਤੀ ਗਈ। ਇਸ ਮੌਕੇ ਉਹਨਾਂ ਪੰਜਾਬ ਸਰਕਾਰ ਤੋਂ ਕਿਸਾਨਾਂ ਦੇ ਪਰਿਵਾਰਾਂ ਲਈ ਦੱਸ ਲੱਖ ਰੁਪਏ ਮੁਆਵਜਾ ਅਤੇ ਪਰਿਵਾਰ ਦੇ ਇੱਕ ਮੈਂਬਰ ਨੂੰ ਸਰਕਾਰੀ ਨੌਕਰੀ ਦੇਣ ਦੀ ਮੰਗ ਕੀਤੀ। ਇਸ ਮੌਕੇ ਭੁਪਿੰਦਰ ਸਿੰਘ ਦੁਧਨਸਾਧਾਂ, ਅਨੂਪ ਸਿੰਘ ਅਲੀਪੁਰ, ਇਕਬਾਲ ਸਿੰਘ ਜਲਾਲਾਬਾਦ, ਗੁਰਭੇਜ ਸਿੰਘ ਭਸਮਡ ?ਾ, ਕਰਮਜੀਤ ਸਿੰਘ, ਸੁਖਵਿੰਦਰ ਸਿੰਘ, ਜੀਵਨ ਸਿੰਘ, ਜਸਵਿੰਦਰ ਸਿੰਘ ਬਿੰਜਲ, ਹਰਦੀਪ ਸਿੰਘ ਚੁੰਹਟ, ਬਲਜੀਤ ਸਿੰਘ ਦੁਧਨਸਾਧਾਂ ਅਤੇ ਅਵਤਾਰ ਸਿੰਘ ਉਲਟਪੁਰ ਆਦਿ ਕਿਸਾਨ ਹਾਜਰ ਸਨ।

# ਬਰਸਾਤਾਂ ਦੇ ਸੀਜ਼ਨ ਨੂੰ ਧਿਆਨ ਵਿੱਚ ਰੱਖਦਿਆਂ ਜ਼ਿਲ੍ਹਾ ਤਰਨ ਤਾਰਨ ਦੀ ਹਦੂਦ ਵਿੱਚ ਪੈਂਦੀਆਂ ਡਰੇਨਾਂ ਦੀ ਸਫ਼ਾਈ ਕਰਵਾਉਣ ਦੇ ਦਿੱਤੇ ਆਦੇਸ਼



**ਅਮਰਕੋਟ/ਹਰਜੀਤ ਸਿੰਘ ਵਲਟੋਹਾ**

ਡਿਪਟੀ ਕਮਿਸ਼ਨਰ ਤਰਨ ਤਾਰਨ ਸ੍ਰੀ ਮੋਨੀਸ਼ ਕੁਮਾਰ ਨੇ ਬਰਸਾਤੀ ਮੌਸਮ ਨੂੰ ਧਿਆਨ ਵਿੱਚ ਰੱਖਦਿਆਂ ਹੜ੍ਹਾਂ ਤੋਂ ਬਚਾਅ ਦੇ ਅਗੇਤੇ ਪ੍ਰਬੰਧਾਂ ਦਾ ਜਾਇਜ਼ਾ ਲੈਣ ਲਈ ਅੱਜ ਸਬ-ਡਵੀਜ਼ਨ ਪੱਟੀ ਦੇ ਦਰਿਆ ਸਤਲੁਜ ਨਾਲ ਲੱਗਦੇ ਪਿੰਡਾਂ ਦਾ ਦੌਰਾ ਕੀਤਾ।ਇਸ ਮੌਕੇ ਐਕਸੀਅਨ ਡਰੇਨੇਜ਼ ਸ੍ਰੀ ਚਰਨਜੀਤ ਸਿੰਘ, ਐੱਸ. ਡੀ. ਓ. ਸ੍ਰੀ ਗੁਰਬੀਰ ਸਿੰਘ, ਜੇ. ਈ. ਸ੍ਰੀ ਰਣਜੋਧ ਸਿੰਘ ਅਤੇ ਤਹਿਸੀਲਦਾਰ ਸ੍ਰੀ ਅਜੈ ਕੁਮਾਰ ਹਾਜ਼ਰ ਸਨ।

ਡਿਪਟੀ ਕਮਿਸ਼ਨਰ ਨੇ ਆਪਣੇ ਦੌਰੇ ਦੌਰਾਨ ਹਰੀਕੇ ਬੰਨ੍ਹ ਦੇ ਨਾਲ ਲੱਗਦੇ ਸਭਰਾ ਕੰਪਲੈਕਸ, ਪਿੰਡ ਸੀਤੋ ਮਹਿ ਝੁੱਗੀਆਂ ਵਿਖੇ ਪੱਟੀ ਨਾਲੇ, ਮੁੱਠਿਆਂਵਾਲਾ ਕੰਪਲੈਕਸ ਅਤੇ ਪਿੰਡ ਕਲਸ ਆਦਿ ਪਿੰਡਾਂ ਨੂੰ ਲੱਗਦੇ ਦਰਿਆ ਸਤਲੁਜ ਦਾ ਕੰਢਾ ਵੇਖਿਆ ਅਤੇ ਦਰਿਆ ਵੱਲੋਂ ਨਾਲ ਲੱਗਦੇ ਖੇਤਾਂ ਨੂੰ ਲਗਾਈ ਜਾ ਰਹੀ ਢਾਹ ਦਾ ਜਾਇਜ਼ਾ ਲਿਆ।

ਇਸ ਮੌਕੇ ਉਹਨਾਂ ਐਕਸੀਅਨ ਡਰਨੇਜ਼ ਨੂੰ ਹਦਾਇਤ ਕੀਤੀ ਕਿ ਉਹ ਧੁੱਸੀ ਬੰਨ ਅਤੇ ਦਰਿਆ ਸਤਲੁਜ ਨਾਲ ਲੱਗਦੇ ਨਾਜ਼ੁਕ ਸਥਾਨਾਂ 'ਤੇ ਹੜ ਰੋਕੂ ਕੰਮਾਂ ਨੂੰ ਜਲਦੀ ਤੋਂ ਜਲਦੀ ਮੁਕੰਮਲ ਕਰਨ ਅਤੇ ਡਰੇਨਾਂ ਦੀ ਸਫਾਈ ਨੂੰ ਵੀ ਯਕੀਨੀ ਬਣਾਇਆ ਜਾਵੇ।

ਡਿਪਟੀ ਕਮਿਸ਼ਨਰ ਨੇ ਕਿਹਾ ਕਿ ਬਰਸਾਤੀ



ਮੌਸਮ ਨੂੰ ਧਿਆਨ ਵਿੱਚ ਰੱਖਦਿਆਂ ਜ਼ਿਲ੍ਹਾ ਤਰਨ ਤਾਰਨ ਦੀ ਹਦੂਦ ਵਿੱਚ ਪੈਂਦੀਆਂ ਡਰੇਨਾਂ, ਝਬਾਲ ਡਰੇਨ, ਦੋਦਾ ਡਰੇਨ, ਸਾਹਬਾਜ਼ਪੁਰ ਡਰੇਨ, ਮੁਰਾਦਪੁਰ ਡਰੇਨ, ਨਾਰਲਾ ਲਿੰਕ ਡਰੇਨ ਅਤੇ ਸੋਹਲ ਸੀਪੇਜ਼ ਡਰੇਨ ਆਦਿ ਦੀ ਸਫ਼ਾਈ ਕਰਵਾਈ ਜਾਵੇਗਾ।ਉਹਨਾਂ ਕਿਹਾ ਹਰੀਕੇ ਬੰਨ੍ਹ ਦੇ ਨਾਲ ਲੱਗਦੇ ਸਭਰਾ ਕੰਪਲੈਕਸ ਵਿਖੇ ਬਣੇ ਸਪੱਰ ਦੀ ਮੁਰੰਮਤ ਕਰਵਾਉਣ ਲਈ ਦੀ ਡਰੇਨੇਜ਼ ਵਿਭਾਗ ਨੂੰ ਹਦਾਇਤ ਕੀਤੀ ਗਈ ਹੈ।

ਡਿਪਟੀ ਕਮਿਸ਼ਨਰ ਨੇ ਕਿਹਾ ਕਿ ਬਰਸਾਤਾਂ ਦੇ ਸੀਜ਼ਨ ਨੂੰ ਧਿਆਨ ਵਿੱਚ ਰੱਖਦਿਆਂ ਸੰਭਾਵੀ ਹੜਾਂ ਤੋਂ ਬਚਾਅ ਲਈ ਜਿਲਾ ਪ੍ਰਸ਼ਾਸਨ ਤਰਨ ਤਾਰਨ ਵੱਲੋਂ ਪੁਖਤ ਪ੍ਰਬੰਧ ਕੀਤੇ ਜਾ ਰਹੇ ਹਨ ਤਾਂ ਜੋ ਹੜ ਆਉਣ ਦੀ ਸਥਿਤੀ ਵਿੱਚ ਜਾਨੀ ਤੇ ਮਾਲੀ ਨੁਕਸਾਨ ਤੋਂ ਬਚਿਆ ਜਾ ਸਕੇ ।

ਉਹਨਾਂ ਕਿਹਾ ਕਿ ਬਰਸਾਤ ਤੋਂ ਪਹਿਲਾਂ-ਪਹਿਲਾਂ ਜਿੱਥੇ ਦਰਿਆ ਜ਼ਿਆਦਾ ਕੰਢੇ ਵੱਲ ਵੱਧ ਰਿਹਾ ਹੈ, ਉੱਥੇ ਡਰੇਨਜ਼ ਵਿਭਾਗ ਵੱਲੋਂ ਲੋੜੀਂਦੇ ਕੰਮ ਕਰਵਾਏ ਜਾਣਗੇ, ਤਾਂ ਜੋ ਜ਼ਿਆਦਾ ਮੀਂਹ ਆਉਣ ਨਾਲ ਕੰਢੇ ਨੂੰ ਖੋਰਾ ਲੱਗਣ ਤੋਂ ਬਚਾਇਆ ਜਾ ਸਕੇ।ਇਸ ਤੋਂ ਇਲਾਵਾ ਉਹਨਾਂ ਸਬੰਧਿਤ ਵਿਭਾਗਾਂ ਨੂੰ ਡਰੇਨਾਂ ਅਤੇ ਬਰਸਾਤੀ ਨਾਲਿਆਂ ਦੀ ਸਫ਼ਾਈ ਦੇ ਵੀ ਆਦੇਸ਼ ਦਿੱਤੇ।

# ਕਰਜ਼ਾ ਮਾਫ ਕਿਸਾਨਾਂ ਤੇ ਲੱਗਿਆ ਡਿਫਾਲਟਰ ਹੋਣ ਦਾ ਠੱਪਾ, 29 ਨੂੰ ਹੋ ਰਹੀਆਂ ਸਹਿਕਾਰੀ ਸਭਾ ਚੋਣਾਂ 'ਚ'ਨਹੀਂ ਪਾ ਸਕਣਗੇ ਵੋਟ

**ਸ਼ਹੀਦ ਭਗਤ ਸਿੰਘ ਨਗਰ/ਲੋਕ ਬਾਣੀ**

ਸਹਿਕਾਰੀ ਸਭਾ ਦੀ 29 ਅਪ੍ਰੈਲ ਨੂੰ ਹੋ ਰਹੀਆਂ ਚੋਣਾਂ ਬੜੇ ਹੀ ਚਰਚਾ ਦਾ ਵਿਸ਼ਾ ਬਣੀਆਂ ਹੋਈਆਂ ਹਨ।ਪਿਛਲੀ ਕਾਂਗਰਸ ਸਰਕਾਰ ਵੀ ਸਹਿਕਾਰੀ ਸਭਾ ਵਿੱਚ ਆਪਣਾ ਝੰਡਾ ਗੱਡਣ ਲਈ ਇਹਨਾਂ ਚੋਣਾਂ ਦੀਆਂ ਤਰੀਕਾ ਦਾ ਐਲਾਨ ਕਰਨ ਤੋਂ ਰੇਲ ਪਟਰੀ ਤੇ ਰੇਲ ਬਾਗੂੰ ਦੌੜਦੀ ਰਹੀ ਤੇ ਆਖਿਰ ਆਪ ਪਟੜੀ ਤੋਂ ਉੱਤਰ ਗਈ।ਹੁਣ ਫਿਰ 29 ਅਪ੍ਰੈਲ ਨੂੰ ਚੋਣਾਂ ਦਾ ਐਲਾਨ ਕੀਤਾ ਗਿਆ ਹੈ ਪਰ ਇਹਨਾਂ ਚੋਣਾਂ ਦੀ ਤਾਰੀਕ ਐਲਾਲਣ ਨਾਲ ਹੀ ਕਈ ਸਵਾਲ ਖੜੇ ਹੋ ਗਏ ਹਨ ਕਿ ਸਹਿਕਾਰੀ ਸਭਾ ਰਾਹੋਂ ਦੀਆਂ ਚੋਣਾਂ ਵਿੱਚ ਕੁੱਲ 11 ਮੈਂਬਰ ਹਨ ਜਿਨ੍ਹਾਂ ਦੀ ਚੋਣ ਲਈ ਕੁੱਲ 4442 ਸੁਸਾਇਟੀ ਮੈਂਬਰ ਹਨ ਪਰ ਬੋਰਡ ਵਲੋਂ ਜਾਰੀ ਕੀਤੀ ਗਈ ਸੂਚੀ ਵਿੱਚ ਸਿਰਫ 165 ਮੈਂਬਰ ਵੋਟ ਪਾਉਂਣ ਦਾ ਅਧਿਕਾਰ ਰੱਖਦੇ ਹਨ।ਬੋਰਡ ਵਲੋਂ ਬਣਾਈ ਸੂਚੀ ਅਨੁਸਾਰ ਜਿਨ੍ਹਾਂ ਮੈਂਬਰਾਂ ਨੇ ਪਿਛਲੇ ਪੰਜ ਸਾਲ ਹੋਏ ਅਜਲਾਸਾਂ ਵਿੱਚ ਭਾਗ ਲਿਆ ਉਹ ਹੀ ਮੈਂਬਰ ਵੋਟ ਪਾਉਂਣ ਦਾ ਅਧਿਕਾਰ ਰੱਖਦੇ ਹਨ।ਜਦਕਿ ਸਹਿਕਾਰੀ ਸਭਾ ਦੇ ਮੈਂਬਰ ਸਹਿਬਾਨ ਦਾਅਵਾ ਕਰਦੇ ਰਹੇ ਹਨ ਕਿ 2014 ਤੋਂ ਬਾਅਦ ਕੋਈ ਆਮ ਅਜਲਾਸ ਹੀ ਨਹੀਂ ਹੋਇਆ।ਸੂਚੀ ਅਨੁਸਾਰ ਰਾਹੋਂ ਛੋਕਰਾਂ ਗੜੀ,ਫਤਿਹ ਖਾਂ,ਉਧੋਵਾਲ, ਰਤਨਾਣਾਂ ਅਤੇ ਬੈਰਸਾਲ ਪਿੰਡਾਂ ਦੇ ਕੁੱਲ 4442 ਮੈਂਬਰਾਂ ਵਿੱਚੋਂ 165 ਮੈਂਬਰ ਹੀ ਵੋਟ ਪਾਉਂਣ ਦਾ ਅਧਿਕਾਰ ਰੱਖਦੇ ਹਨ ਇਹ ਇੱਕ ਹਾਸੋ-ਹੀਣੀਂ ਵਾਲੀ ਗੱਲ ਹੈ।ਉੱਘੇ ਸਮਾਜ ਸੇਵਕ ਮਲਕੀਤ ਸਿੰਘ ਕਾਹਲੋਂ ਅਤੇ ਪਿਛਲੇ ਸਾਲਾਂ ਦੌਰਾਨ ਪ੍ਰਧਾਨ ਰਹੇ ਮਹਿੰਦਰ ਸਿੰਘ ਸੰਧੂ ਨੇ ਵੀ ਦਾਅਵਾ ਕੀਤਾ ਹੈ।ਇਥੇ ਪਿਛਲੀ ਕਾਂਗਰਸ ਸਰਕਾਰ ਵਲੋਂ ਕੀਤੇ ਗਏ ਕਰਜ਼ਾ ਮਾਫੀ ਦੌਰਾਨ ਜਿਨ੍ਹਾਂ ਮੈਂਬਰਾਂ ਦੇ ਕਰਜ਼ੇ ਮਾਫ ਹੋ ਗਏ ਹਨ ਉਹਨਾਂ ਨੂੰ ਵੀ ਡਿਫਾਲਟਰਾਂ ਦੀ ਸੂਚੀ ਵਿੱਚ ਰੱਖਿਆ ਗਿਆ ਹੈ।ਇਥੇ 4442 ਮੈਂਬਰਾਂ ਵਲੋਂ ਵੋਟ ਪਾਉਂਣ ਦੀ ਮੰਗ ਉੱਠ ਰਹੀ ਹੈ ਤਾਂ ਕਿ ਸਹਿਕਾਰੀ ਸਭਾ ਦੀ ਚੋਣ ਸਹੀ ਢੰਗ ਨਾਲ ਹੋ ਸਕੇ।ਇਸ ਸੰਬਧੀ ਡੀ.ਆਰ. ਕੋਆਪਰੇਟਿਵ ਸੋਸਾਇਟੀ ਹਰਪ੍ਰੀਤ ਸਿੰਘ ਨਾਲ ਫੋਨ ਤੇ ਗੱਲਬਾਤ ਕੀਤੀ ਤਾਂ ਉਹਨਾਂ ਕਿਹਾ ਕਿ ਬੋਰਡ ਦੇ ਨਿਯਮਾਂ ਅਨੁਸਾਰ ਹੀ ਚੋਣਾਂ ਕਰਵਾਈਆਂ ਜਾ ਰਹੀਆਂ ਹਨ।ਉਹਨਾਂ ਕਿਹਾ ਕਿ ਚੋਣਾਂ ਦੀ ਪੂਰੀ ਪ੍ਰਕ੍ਰਿਆ ਅਧਿਕਾਰ ਖੇਤਰ ਤੋਂ ਬਾਹਰ ਹੋ ਕੇ ਨਹੀਂ ਕਰਵਾਈ ਜਾਵੇਗੀ।ਚੋਣਾਂ ਸੰਬਧੀ ਅਖਬਾਰਾਂ ਵਿੱਚ ਇਸ਼ਤਿਹਾਰ ਤੇ ਸੂਚਨਾਵਾਂ ਪਹਿਲਾਂ ਹੀ ਦਿੱਤੀਆਂ ਜਾ ਚੁੱਕੀਆਂ ਹਨ।

# ਸੋਮਨਾਥ ਟਰੱਸਟ ਧਰਮਕੋਟ ਵੱਲੋਂ ਸ.ਕੰ.ਸ.ਸ.ਸ.ਧਰਮਕੋਟ(ਮੋਗਾ)ਵਿਖੇ ਪੜਦੀਆਂ ਹੁਸ਼ਿਆਰ ਅਤੇ ਲੋੜਵੰਦ ਵਿਦਿਆਰਥਣਾਂ ਦੀ ਸਕਾਲਰਸ਼ੀਪ ਲਈ ਵੀਹ ਹਜਾਰ ਰੁਪਏ ਦੀ ਰਾਸ਼ੀ ਦੇਣ ਤੇ ਸਕੂਲ ਪ੍ਰਿੰਸੀਪਲ ਸ਼੍ਰੀਮਤੀ ਮੰਜੂ ਅਤੇ ਸਕੂਲ ਸਟਾਫ ਦੁਆਰਾ ਸੋਮਨਾਥ ਟਰੱਸਟ,ਧਰਮਕੋਟ ਦਾ ਧੰਨਵਾਦ ਕੀਤਾ ਗਿਆ।




ਅਦਾਰਾ 'ਲੋਕ ਬਾਣੀ' ਵਿੱਚ ਛਾਪੀਆਂ ਜਾਂਦੀਆਂ ਖ਼ਬਰਾਂ, ਰਿਪੋਰਟਾਂ, ਲੇਖ, ਕਹਾਣੀਆਂ, ਕਵਿਤਾਵਾਂ ਅਤੇ ਹਰ ਕਿਸਮ ਦੇ ਇਸ਼ਤਿਹਾਰਾਂ ਵਿੱਚ ਦਿੱਤੀ ਗਈ ਸੂਚਨਾ, ਵਿਚਾਰ ਆਦਿ ਨਾਲ ਅਖ਼ਬਾਰ ਦੇ ਪ੍ਰਬੰਧਕਾਂ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ। ਇਸ ਅਖ਼ਬਾਰ ਵਿੱਚ ਛਪੇ ਇਸ਼ਤਿਹਾਰ (ਡਿਸਪਲੇ, ਕਲਾਸੀਫਾਈਡ) ਦੇ ਤੱਥਾਂ ਲਈ ਪ੍ਰਬੰਧਕ ਕੋਈ ਜ਼ਿੰਮੇਵਾਰੀ ਨਹੀਂ ਲੈਂਦੇ ਕਿਉਂਕਿ ਸਾਡਾ ਅਖ਼ਬਾਰ ਇਨ੍ਹਾਂ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ/ਸ਼ੁੱਭ ਚਿੰਤਕਾਂ ਨੂੰ ਬੇਨਤੀ ਹੈ ਕਿ ਉਹ ਇਨ੍ਹਾਂ ਇਸ਼ਤਿਹਾਰਾਂ 'ਤੇ ਕੋਈ ਕਾਰਵਾਈ ਕਰਨ ਤੋਂ ਪਹਿਲਾਂ ਤੱਥਾਂ ਦੀ ਪੜਤਾਲ,ਪੁਸ਼ਟੀ ਕਰ ਲੈਣ। -ਸੰਪਾਦਕ

Daily Lok Bani (Punjabi) R.N.I. Punpun 29016,2008 Edior, Owner, Printer, Publisher, Amandeep Mehra Printed at Rachna Printers, Railway Road Jalandhar Place of Publication : 308 Sangam complex Milap Chowk, Jalandhar (India) , Contect No. : 0181-2211009, Fax : 2211009 , Email Id : lokbani08@gmail.com ,

# ਪੰਜਾਬ ਦੀ 'ਆਪ' ਸਰਕਾਰ ਕੇਜਰੀਵਾਲ ਦੇ ਮਗਰ ਲੱਗ ਪੰਜਾਬ ਦਾ ਮਹੌਲ ਨਾ ਖਰਾਬ ਕਰੇ - ਐਡਵੋਕੇਟ ਸ਼ਿਵ ਕਲਿਆਣ



**ਸਮਰਾਲਾ/ਭੂਸ਼ਨ ਬਾਂਸਲ ਸੁਨੀਲ ਅਗਰਵਾਲ**

ਪੰਜਾਬ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਆਮ ਆਦਮੀ ਪਾਰਟੀ ਦੇ ਸੁਪਰੀਮੋ ਅਰਵਿੰਦ ਕੇਜਰੀਵਾਲ ਨੇ ਪੰਜਾਬ ਵਿੱਚ 'ਆਪ' ਦੀ ਸਰਕਾਰ ਆਉਣ ਤੇ ਪੰਜਾਬ ਦੇ ਸਾਰੇ ਖਪਤਕਾਰਾਂ ਨੂੰ ਬਿਜਲੀ ਦੀਆਂ 300 ਯੂਨਿਟ ਪ੍ਰਤੀ ਮਹੀਨਾ ਮੁਆਫ ਕਰਨ ਦਾ ਐਲਾਨ ਕੀਤਾ ਸੀ। ਪੰਜਾਬ ਅੰਦਰ ਆਮ ਆਦਮੀ ਪਾਰਟੀ ਦੀ ਸਰਕਾਰ ਬਣਨ ਪਿੱਛੋਂ ਮੁੱਖ ਮੰਤਰੀ ਭਗਵੰਤ ਮਾਨ ਨੇ 1 ਜੁਲਾਈ ਤੋਂ ਪੰਜਾਬ ਵਿੱਚ ਜਾਤਾਂ ਦੇ ਅਧਾਰ ਤੇ ਬਿਜਲੀ ਦੇ ਬਿੱਲ ਮੁਆਫ ਕਰਨ ਦਾ ਐਲਾਨ ਕਰ ਦਿੱਤਾ, ਜੋ ਕਿ ਪੰਜਾਬ ਦੇ ਲੋਕਾਂ ਨੂੰ ਕਿਸੇ ਵੀ ਰੂਪ ਵਿੱਚ ਸਵੀਕਾਰ ਨਹੀਂ ਹੋਵੇਗਾ। ਇਸ ਗੱਲ ਦਾ ਪ੍ਰਗਟਾਵਾ ਬਹੁਜਨ ਸਮਾਜ ਪਾਰਟੀ ਦੇ ਸੀਨੀ: ਨੇਤਾ ਐਡਵੋਕੇਟ ਸ਼ਿਵ ਕਲਿਆਣ ਨੇ ਪ੍ਰੈਸ ਨਾਲ ਗੱਲਬਾਤ ਕਰਦੇ ਹੋਏ ਕੀਤਾ। ਉਨ੍ਹਾਂ ਅੱਗੇ ਕਿਹਾ ਕਿ ਚੋਣਾਂ ਤੋਂ ਪਹਿਲਾਂ ਆਮ ਆਦਮੀ ਪਾਰਟੀ ਨੇ ਕੇਵਲ 300 ਯੂਨਿਟਾਂ ਮੁਫਤ ਦੇਣ ਦਾ ਐਲਾਨ ਕੀਤਾ ਸੀ, ਹੁਣ ਪੰਜਾਬ ਅੰਦਰ ਜਾਤਾਂ ਦੇ ਅਧਾਰ ਤੇ ਬਿਜਲੀ ਮੁਫਤ ਕਰਨ ਦੇ ਐਲਾਨ ਨਾਲ ਲੋਕਾਂ ਵਿੱਚ ਆਪਸੀ ਕੁੜਤਣ ਪੈਦਾ ਹੋਣੀ ਸ਼ੁਰੂ ਹੋ ਗਈ ਹੈ ਅਤੇ ਆਮ ਲੋਕੀ ਦਲਿਤ ਭਾਈਚਾਰੇ ਨੂੰ ਘ੍ਰਿਣਾ ਭਰੀ ਨਜਰ ਨਾਲ ਦੇਖਣ ਲੱਗ ਪਏ ਹਨ, ਜਿਸਨੂੰ ਬਹੁਜਨ ਸਮਾਜ ਪਾਰਟੀ ਕਦੇ ਵੀ ਬਰਦਾਸ਼ਤ ਨਹੀਂ ਕਰੇਗੀ। ਬਹੁਜਨ ਸਮਾਜ ਪਾਰਟੀ ਜੋ ਹਰ ਦੱਬੇ ਕੁੱਚਲੇ ਵਰਗ ਦੀ ਪਾਰਟੀ ਹੈ ਅਤੇ ਹਮੇਸ਼ਾਂ ਸਰਮਾਏਦਾਰੀ ਦੇ ਵਿਰੁੱਧ ਆਪਣੇ ਹੱਕਾਂ ਲਈ ਲੜਦੀ ਰਹੀ ਹੈ। ਪੰਜਾਬ ਅੰਦਰ ਬਹੁਜਨ ਸਮਾਜ ਪਾਰਟੀ ਜਨਰਲ ਵਰਗ ਅਤੇ ਪੱਛੜੇ ਵਰਗ ਦੇ ਆਪਸੀ ਪਿਆਰ ਵਿੱਚ ਕਿਸੇ ਵੀ ਤਰ੍ਹਾਂ ਦੀ ਦਰਾੜ ਨਹੀਂ ਪੈਣ ਦੇਵੇਗੀ, ਉਨ੍ਹਾਂ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੂੰ ਅਪੀਲ ਕੀਤੀ ਹੈ ਕਿ ਉਹ ਅਜਿਹੇ ਐਲਾਨ ਕਰਕੇ ਪੰਜਾਬ ਦਾ ਮਹੌਲ ਖਰਾਬ ਨਾ ਕਰਨ। ਜਿਸ ਤਰ੍ਹਾਂ ਦਾ ਪਿਆਰ ਉਨ੍ਹਾਂ ਨੂੰ ਪੰਜਾਬ ਦੇ ਲੋਕਾਂ ਨੇ ਦਿੱਤਾ ਹੈ, ਉਸ ਉਤੇ ਖਰੇ ਉਤਰਨ ਦੀ ਕੋਸ਼ਿਸ਼ ਕਰਨ, ਨਾ ਕਿ ਕੇਜਰੀਵਾਲ ਦੇ ਮਗਰ ਲੱਗ ਕੇ ਪੰਜਾਬ ਦੇ ਲੋਕਾਂ ਅੰਦਰ ਤਣਾਅ ਭਰਨ। ਐਡਵੋਕੇਟ ਕਲਿਆਣ ਨੇ ਸਰਕਾਰ ਨੂੰ ਚਿਤਾਵਨੀ ਦਿੰਦੇ ਹੋਏ ਕਿਹਾ ਕਿ ਪੰਜਾਬ ਸਰਕਾਰ ਨੇ ਵੋਟਾਂ ਤੋਂ ਪਹਿਲਾਂ ਜੋ ਵਾਅਦਾ ਕੀਤਾ ਸੀ, ਉਸਨੂੰ ਇੰਨਬਿੰਨ ਲਾਗੂ ਕਰੇ, ਜਾਤਾਂ ਦੇ ਅਧਾਰ ਤੇ ਬਿਜਲੀ ਮੁਫਤ ਵਾਲਾ ਫੈਸਲਾ ਵਾਪਸ ਲਵੇ, ਬਹੁਜਨ ਸਮਾਜ ਪਾਰਟੀ ਜਾਤਾਂ ਦੇ ਅਧਾਰ ਤੇ ਕੀਤਾ ਫੈਸਲਾ ਮੰਨਜੂਰ ਨਹੀਂ ਕਰੇਗੀ ਅਤੇ ਪੰਜਾਬ ਸਰਕਾਰ ਵਿਰੁੱਧ ਸੰਘਰਸ਼ ਦਾ ਵਿਗਲ ਵਜਾ ਦੇਵੇਗੀ।

# ਗਾਰਡਨ ਵੈਲੀ ਇੰਟਰਨੈਸ਼ਨਲ ਸਕੂਲ ਵਿਖੇ ਕੋਰੋਨਾ ਵਾਇਰਸ ਦੀ ਰੋਕਥਾਮ ਲਈ ਵੈਕਸੀਨ ਕੈਂਪ ਲਗਾਇਆ ਗਿਆ




**ਸਮਰਾਲਾ/ਭੂਸ਼ਨ ਬਾਂਸਲ ਸੁਨੀਲ ਅਗਰਵਾਲ**

ਮਾਛੀਵਾੜਾ ਦੇ ਕੋਹਾੜਾ ਰੋਡ @ਤੇ ਸਥਿਤ ਗਾਰਡਨ ਵੈਲੀ ਇੰਟਰਨੈਸ਼ਨਲ ਸਕੂਲ ਭੱਟੀਆਂ ਵਿਖੇ 12 ਤੋਂ 14 ਸਾਲ ਤੱਕ ਦੇ ਵਿਦਿਆਰਥੀਆਂ ਨੂੰ ਕੋਰਬੇਵੈਕਸ (3®♣25-੭1✓) ਕੋਵਿਡ-19 ਵੈਕਸੀਨ ਦੀ ਪਹਿਲੀ ਅਤੇ ਦੂਜੀ ਖੁਰਾਕ ਦਾ ਕੈਂਪ ਪ੍ਰਿੰਸੀਪਲ ਡਾ: ਹਰਪ੍ਰੀਤ ਕੌਰ ਨੇ ਦੀ ਅਗਵਾਈ ਹੇਠ ਲਗਾਇਆ ਗਿਆ । ਜਿਸ ਵਿਚ ਕਮਿਊਨਿਟੀ ਹੈਲਥ ਸੈਂਟਰ ਮਾਛੀਵਾੜਾ ਦੀ ਕਿਰਨਦੀਪ ਕੌਰ ਸੀ.ਐਚ.ਓ.,ਨਿਰਮਲਜੀਤ ਕੌਰ ਸੀ.ਐਚ.ਓ., ਸੁਨੀਤਾ ਰਾਣੀ ਆਸ਼ਾ ਵਰਕਰ,ਅਮਰਜੀਤ ਕੌਰ ਵਲੋਂ ਸਕੂਲ ਸਟਾਫ਼ ਅਤੇ ਨਾਨ-ਟੀਚਿੰਗ ਸਟਾਫ਼ ਨੂੰ ਵੈਕਸੀਨ ਦੀ ਡੋਜ਼ ਲਗਾਈ ਗਈ । ਇਸ ਮੌਕੇ ਸਕੂਲ ਮੈਨੇਜਮੈਂਟ ਦੇ ਹਰਦੇਵ ਸਿੰਘ ਨਾਮਧਾਰੀ ਨੇ ਸਮੂਹ ਲੋਕਾਂ ਨੂੰ ਵੈਕਸੀਨ ਲਗਵਾਉਣ ਦੀ ਅਪੀਲ ਕਰਦਿਆਂ ਕਿਹਾ ਕਿ ਸਾਨੂੰ ਸਰਕਾਰ ਦੀਆਂ ਹਦਾਇਤਾਂ ਦੀ ਪਾਲਣਾ ਕਰਨਾ ਚਾਹੀਦਾ ਹੈ ਅਤੇ ਇਸ ਕਰੋਨਾ ਮਹਾਂਮਾਰੀ ਤੋਂ ਬਚਣਾ ਚਾਹੀਦਾ ਹੈ। ਇਸ ਮੌਕੇ ਹਰਦੇਵ ਸਿੰਘ ਨਾਮਧਾਰੀ, ਮੈਨੇਜਰ ਵਿਕਰਮਜੀਤ ਸਿੰਘ, ਅਧਿਆਪਕ ਮਨਪ੍ਰੀਤ ਕੌਰ, ਰਾਜਵਿੰਦਰ ਕੌਰ, ਨਿਕਿਤਾ ਟੰਡਨ ਆਦਿ ਸਕੂਲ ਦੀ ਪ੍ਰਬੰਧਕੀ ਕਮੇਟੀ ਦਾ ਸਮੂਹ ਸਟਾਫ਼ ਹਾਜ਼ਰ ਸੀ । ਇਸ ਕੈਂਪ ਵਿੱਚ 93 ਵਿਦਿਆਰਥੀਆਂ ਦੇ ਕੋਰੋਨਾ ਵੈਕਸੀਨ ਦੀ ਡੋਜ਼ ਲਗਾਈ ਗਈ । ਸਕੂਲ ਸਟਾਫ਼ ਵੱਲੋਂ ਸਮੂਹ ਹਸਪਤਾਲ ਸਟਾਫ਼ ਦਾ ਕੈਂਪ ਲਗਾਉਣ ਲਈ ਵਿਸ਼ੇਸ਼ ਧੰਨਵਾਦ ਕੀਤਾ ਗਿਆ।

# ਜ਼ਿਲ੍ਹਾ ਮੈਜਿਸਟ੍ਰੇਟ ਨੇ ਮਾਸਕ ਪਹਿਨਣ ਬਾਰੇ ਸਲਾਹਕਾਰੀ ਜਾਰੀ ਕੀਤੀ

**ਸਹੀਦ ਭਗਤ ਸਿੰਘ ਨਗਰ/ਲੋਕ ਬਾਣੀ**

ਜ਼ਿਲ੍ਹਾ ਮੈਜਿਸਟ੍ਰੇਟ ਨਵਜੋਤ ਪਾਲ ਸਿੰਘ ਰੰਧਾਵਾ ਨੇ ਸ਼ਨੀਵਾਰ ਨੂੰ ਸ਼ਹਿਰ ਵਾਸੀਆਂ ਨੂੰ ਜਨਤਕ ਥਾਵਾਂ ਜਾਂ ਭੀੜ-ਭੜੱਕੇ ਵਾਲੇ ਬਾਜ਼ਾਰਾਂ ਵਿੱਚ ਮਾਸਕ ਪਹਿਨਣ ਦੀ ਸਲਾਹ ਜਾਰੀ ਕੀਤੀ।ਕੁਝ ਰਾਜਾਂ ਅਤੇ ਕੇਂਦਰ ਸ਼ਾਸਿਤ ਪ੍ਰਦੇਸ਼ਾਂ ਵਿੱਚ ਕੋਵਿਡ ਦੇ ਕੇਸਾਂ ਦੀ ਵੱਧ ਰਹੀ ਗਿਣਤੀ ਦੇ ਮੱਦੇਨਜ਼ਰ, ਉਨ੍ਹਾਂ ਨੇ ਸ਼ਹੀਦ ਭਗਤ ਸਿੰਘ ਨਗਰ ਦੇ ਸਾਰੇ ਵਸਨੀਕਾਂ ਨੂੰ ਅਪੀਲ ਕੀਤੀ ਕਿ ਜਦੋਂ ਵੀ ਉਹ ਬਾਜ਼ਾਰਾਂ ਵਿੱਚ ਜਾਣ ਤਾਂ ਮਾਸਕ ਪਹਿਨਣ। ਐਨ ਪੀ ਐਸ ਰੰਧਾਵਾ ਨੇ ਅੱਗੇ ਕਿਹਾ ਕਿ ਜਨਤਕ ਆਵਾਜਾਈ ਜਿਵੇਂ ਕਿ ਬੱਸਾਂ, ਰੇਲ ਗੱਡੀਆਂ, ਏਅਰਕ੍ਰਾਫਟ, ਟੈਕਸੀ, ਸਿਨੇਮਾ ਹਾਲ, ਸ਼ਾਪਿੰਗ ਮਾਲ, ਡਿਪਾਰਟਮੈਂਟਲ ਸਟੋਰਾਂ, ਕਲਾਸਰੂਮਾਂ, ਦਫਤਰਾਂ ਦੇ ਕਮਰਿਆਂ, ਇਨਡੋਰ ਇਕੱਠਾਂ ਆਦਿ ਵਿੱਚ ਮਾਸਕ ਪਹਿਨਣਾ ਯਕੀਨੀ ਬਣਾਇਆ ਜਾਣਾ ਚਾਹੀਦਾ ਹੈ।



# ਕੈਰੀਅਰ ਟਾਕਸ ਪ੍ਰੋਗਰਾਮ ਤਹਿਤ ਸਰਕਾਰੀ ਹਾਈ ਸਕੂਲ ਅਬਦਾਲ ਦੇ ਬੱਚਿਆਂ ਨੂੰ ਕੀਤਾ ਜਾਗਰੂਕ

**ਅੰਮ੍ਰਿਤਸਰ/ਰਾਜਾ ਕੋਟਲੀ**

ਅੱਜ ਸਰਕਾਰੀ ਹਾਈ ਸਕੂਲ ਅਬਦਾਲ ਵਿਖੇ ਬੱਚਿਆਂ ਨੂੰ ਆਪਣੇ ਕੈਰੀਅਰ ਪ੍ਰਤੀ ਜਾਗਰੂਕ ਕਰਨ ਲਈ ਸਕੂਲ ਦੀ ਮੁੱਖ ਅਧਿਆਪਕਾ ਸ਼੍ਰੀਮਤੀ ਦੀਪਿਕਾ ਦੀਨ ਦੀ ਅਗਵਾਈ ਵਿੱਚ ਕੈਰੀਅਰ ਟਾਕਸ ਪ੍ਰੋਗਰਾਮ ਕਰਵਾਇਆ ਗਿਆ।ਇਸ ਪ੍ਰੋਗਰਾਮ ਵਿੱਚ ਜਿਲ੍ਹਾ ਰੋਜ਼ਗਾਰ ਉਤਪਤੀ,ਹੁਨਰ ਵਿਕਾਸ ਅਤੇ ਸਿਖਲਾਈ ਦਫ਼ਤਰ ਵਲੋਂ ਵਿਸ਼ੇਸ਼ ਰੂਪ ਵਿੱਚ ਪਹੁੰਚੇ ਸ੍ਰੀ ਵਿਕਰਮਜੀਤ ਸਿੰਘ ਗਿੱਲ ਅਤੇ ਸ਼੍ਰੀ ਗੌਰਵ ਕੁਮਾਰ (ਸੀ.ਸੀ.) ਦੁਆਰਾ ਬੱਚਿਆਂ ਨੂੰ ਸਕੂਲੀ ਸਿੱਖਿਆ ਤੋਂ ਬਾਅਦ ਅਲੱਗ ਅਲੱਗ ਕਿੱਤਾ ਮੁਖੀ ਅਤੇ ਵੋਕੇਸ਼ਨਲ ਟ੍ਰੇਡਜ਼ ਬਾਰੇ ਜਾਣਕਾਰੀ ਦਿੱਤੀ ਗਈ। ਬੱਚੇ ਸਕੂਲੀ ਸਿੱਖਿਆ ਤੋਂ ਬਾਅਦ ਕਿਹੜੇ ਟ੍ਰੇਡ ਵਿੱਚ ਪੜ੍ਹਾਈ ਕਰਨ ਅਤੇ ਇਸ ਨਾਲ ਸਬੰਧਤ ਰੋਜ਼ਗਾਰ ਬਾਰੇ ਵਿਸਥਾਰ ਨਾਲ ਬੱਚਿਆਂ ਨੂੰ ਜਾਗਰੂਕ ਕੀਤਾ ਗਿਆ।ਅੱਜ ਦੇ ਇਸ ਪ੍ਰੋਗਰਾਮ ਰਾਹੀਂ ਬੱਚਿਆਂ ਨੂੰ ਆਪਣੇ ਭਵਿੱਖੀ




ਕੈਰੀਅਰ ਨੂੰ ਸੇਧ ਦੇਣ ਵਿੱਚ ਮਦਦ ਮਿਲੇਗੀ।ਇਸ ਮੌਕੇ ਆਏ ਹੋਏ ਮਹਿਮਾਨਾਂ ਦਾ .ਗੁਰਵਿੰਦਰ ਸਿੰਘ,ਜਸਬੀਰ ਸਿੰਘ ਜਿਲ੍ਹਾ ਕਉਸਲਰ ,ਸ.ਬਲਰਾਜ ਸਿੰਘ ਰੰਧਾਵਾ ਸਕੂਲ ਕਉਸਲਰ, ਸ.ਜਗਦੀਪ ਸਿੰਘ ਲਾਡੀ,ਮਨਦੀਪ ਸ਼ਰਮਾ,ਭੁਪਿੰਦਰ ਕੌਰ, ਯੋਗਿਤਾ ਸ਼ਰਮਾ,ਰਜਨੀ ਬਾਲਾ,ਰੇਨੂੰ ਡੋਗਰਾ,ਜਸਪਾਲ ਕੌਰ,ਪਰਵਿੰਦਰ ਕੌਰ,ਜਸਪਿੰਦਰ ਕੌਰ,ਸਿੰਮੀ ਅਤੇ ਸਮੂਹ ਸਕੂਲ ਸਟਾਫ ਵੱਲੋਂ ਵਿਸ਼ੇਸ਼ ਰੂਪ ਵਿੱਚ ਧੰਨਵਾਦ ਕੀਤਾ ਗਿਆ।

# ਕਰੋਨਾ ਖਿਲਾਫ ਜੰਗ ਜਿੱਤਣ ਲਈ ਮਾਸਕ ਸਭ ਤੋਂ ਮਹੱਤਵਪੂਰਨ ਸਾਧਨ : ਕਰਨ ਅਗਰਵਾਲ



**ਲੁਧਿਆਣਾ/ਕਰਨ ਅਗਰਵਾਲ**

ਸਮਰਾਲਾ ਚੌਂਕ ਵਿਖੇ ਸਥਿਤ ਐਂਟੀ ਕੁਰੱਪਸ਼ਨ ਐਸੋਸੀਏਸ਼ਨ(ਰਜਿ) ਦੀ ਤਰਫੋਂ ਇੱਕ ਵਿਸ਼ੇਸ਼ ਮੀਟਿੰਗ ਕੀਤੀ ਗਈ। ਜਿਸ ਵਿੱਚ ਲੋਕਾਂ ਨੂੰ ਕਰੋਨਾ ਦੇ ਨਿਯਮਾਂ ਦੀ ਪਾਲਣਾ ਕਰਨ ਦੀ ਅਪੀਲ ਕੀਤੀ ਗਈ! ਅੱਜ ਦੇ ਮਾਹੌਲ ਨੂੰ ਦੇਖਦੇ ਹੋਏ ਜ਼ਿਲ੍ਹਾ ਪ੍ਰਧਾਨ ਕਰਨ ਅਗਰਵਾਲ ਨੇ ਕਿਹਾ ਕਿ ਲੋਕ ਆਪਣੇ ਚਿਹਰੇ ਤੋਂ ਮਾਸਕ ਨਾ ਉਤਾਰਨ ਅਤੇ ਸਮਾਜਿਕ ਦੂਰੀ ਦਾ ਵਿਸ਼ੇਸ਼ ਧਿਆਨ ਰੱਖਣ। ਅਤੇ ਇਸ ਮੀਟਿੰਗ ਵਿੱਚ ਮਨਿੰਦਰ ਕੁਮਾਰ, ਇੰਦਰਜੀਤ ਸਿੰਘ, ਪ੍ਰਮੋਦ ਮਿੱਤਲ, ਪ੍ਰਿੰਸ ਗਰਗ, ਰਾਜ ਕੁਮਾਰ, ਰਾਘਵ ਬਾਂਸਲ, ਅਸ਼ੀਸ਼ ਸੂਦ, ਸੂਰਜ ਕੁਮਾਰ ਆਦਿ ਨੇ ਸ਼ਮੂਲੀਅਤ ਕੀਤੀ।

# ਸਮਰਾਲਾ 'ਚ ਲਖੀਮਪੁਰ ਖੀਰੀ ਦੇ ਗਵਾਹਾਂ ਤੇ ਕੀਤੇ ਹਮਲੇ ਦੇ ਵਿਰੋਧ ਵਿੱਚ ਦਿੱਤਾ ਗਿਆ ਰੋਸ ਧਰਨਾ




**ਸਮਰਾਲਾ/ਭੂਸ਼ਨ ਬਾਂਸਲ ਸੁਨੀਲ ਅਗਰਵਾਲ**

ਸੰਯੁਕਤ ਕਿਸਾਨ ਮੋਰਚੇ ਦੇ ਸੱਦੇ ਤੇ ਅੱਜ ਵੱਖ ਵੱਖ ਕਿਸਾਨ ਯੂਨੀਅਨਾਂ ਨੇ ਸਮਰਾਲਾ ਦੇ ਐਸ. ਡੀ. ਐਮ. ਦਫਤਰ ਸਾਹਮਣੇ ਲਖੀਮਪੁਰ ਖੀਰੀ ਦੇ ਗਵਾਹਾਂ ਉੱਤੇ ਕੀਤੇ ਕਾਤਲਾਨਾ ਹਮਲੇ ਦੇ ਵਿਰੋਧ ਵਿੱਚ ਵਿਸ਼ਾਲ ਰੋਸ ਮੁਜਾਹਰਾ ਕੀਤਾ ਗਿਆ ਅਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤੇ ਉੱਤਰ ਪ੍ਰਦੇਸ਼ ਦੇ ਮੁੱਖ ਮੰਤਰੀ ਅਦਿੱਤਿਆ ਨਾਥ ਯੋਗੀ ਦਾ ਪੁਤਲਾ ਫੂਕਿਆ ਗਿਆ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਬਲਾਕ ਪ੍ਰਧਾਨ ਹਰਦੀਪ ਸਿੰਘ ਕੰਗ ਬੀ. ਕੇ. ਯੂ. (ਲੱਖੋਵਾਲ) ਅਤੇ ਜ਼ਿਲ੍ਹਾ ਪ੍ਰਧਾਨ ਦਰਸ਼ਨ ਸਿੰਘ ਬੌਂਦਲੀ ਬੀ. ਕੇ. ਯੂ. ਪੰਜਾਬ (ਖੋਸਾ) ਨੇ ਦੱਸਿਆ ਕਿ ਕਿਸਾਨੀ ਸੰਘਰਸ਼ ਮੌਕੇ ਉੱਤਰ ਪ੍ਰਦੇਸ਼ ਵਿੱਚ ਲਖੀਮਪੁਰ ਖੀਰੀ ਕਾਂਢ ਦੇ ਮੁੱਖ ਦੋਸ਼ੀ ਅਜੈ ਮਿਸ਼ਰਾ ਟੈਣੀ ਦੀ ਜਮਾਨਤ ਰੱਦ ਹੋਣ ਮਗਰੋਂ, ਭਾਜਪਾ ਦੇ ਗੁੰਡਿਆਂ ਵੱਲੋਂ ਇਸ ਕਾਂਢ ਦੇ ਗਵਾਹਾਂ ਦੇ ਘਰਾਂ ਉੱਤੇ ਹਮਲੇ ਕਰਕੇ, ਉਨ੍ਹਾਂ ਨੂੰ ਜਾਨੋਂ ਮਾਰਨ ਦੀਆਂ ਧਮਕੀਆਂ ਦੇਣ ਦਾ ਨੰਗਾ ਗੁੰਡਾ ਨਾਚ ਕੀਤਾ ਗਿਆ ਹੈ। ਅੱਜ ਦੇ ਧਰਨੇ ਵਿੱਚ ਵੱਖ ਵੱਖ ਬੁਲਾਰਿਆਂ ਨੇ ਆਪਣੇ ਸੰਬੋਧਨ ਵਿੱਚ ਕਿਹਾ ਕਿ ਜਦੋਂ ਮਾਨਯੋਗ ਅਦਾਲਤ ਵੱਲੋਂ ਉਕਤ ਅਜੈ ਮਿਸ਼ਰਾ ਦੀ ਜਮਾਨਤ ਰੱਦ ਕਰ ਦਿੱਤੀ ਹੈ ਤਾਂ ਉਸਨੂੰ ਤੁਰੰਤ ਜੇਲ੍ਹ ਵਿੱਚ ਸੁੱਟਣਾ ਚਾਹੀਦਾ ਅਤੇ ਕਰੜੀ ਤੋਂ ਕਰੜੀ ਸਜਾ ਮਿਲਣੀ ਚਾਹੀਦੀ ਹੈ। ਅੱਜ ਦੇ ਰੋਸ ਮੁਜਾਹਰੇ ਵਿੱਚ ਕਿਸਾਨਾਂ ਨੇ ਪੂਰੇ ਰੋਹ ਵਿੱਚ ਮੋਦੀ ਸਰਕਾਰ ਅਤੇ ਉੱਤਰ ਪ੍ਰਦੇਸ਼ ਸਰਕਾਰ ਵਿਰੁੱਧ ਨਾਅਰੇਬਾਜੀ ਕੀਤੀ ਅਤੇ ਗਵਾਹਾਂ ਤੇ ਕਾਤਲਾਨਾ ਹਮਲਾ ਕਰਨ ਵਾਲੇ ਦੋਸ਼ੀਆਂ ਨੂੰ ਜਲਦੀ ਗਿਫ਼ਤਾਰ ਕਰਕੇ ਉਨਾਂ ਵਿਰੁੱਧ ਕਾਨੂੰਨੀ ਕਾਰਵਾਈ ਕਰਨ ਦੀ ਮੰਗ ਕੀਤੀ। ਅੱਜ ਦੇ ਧਰਨੇ ਵਿੱਚ ਪ੍ਰਮੁੱਖ ਤੌਰ ਤੇ ਮਨਜੀਤ ਸਿੰਘ ਢੀਂਡਸਾ, ਕੁਲਵਿੰਦਰ ਸਿੰਘ ਸਰਵਰਪੁਰ, ਭਿੰਦਰ ਸਿੰਘ ਭਰਥਲਾ, ਗੁਰਸੇਵਕ ਸਿੰਘ ਮੰਜਾਲੀ ਕਲਾਂ, ਬਹਾਦਰ ਸਿੰਘ ਪਪੜੌਦੀ, ਬਲਵੰਤ ਸਿੰਘ ਮੰਜਾਲੀ ਕਲਾਂ, ਗੁਰਵਿੰਦਰ ਸਿੰਘ ਭਰਥਲਾ, ਅਮਰੀਕ ਸਿੰਘ ਭਰਥਲਾ, ਜਗਜੀਤ ਸਿੰਘ ਭਰਥਲਾ, ਰਾਜਵਿੰਦਰ ਸਿੰਘ ਭਰਥਲਾ, ਬੰਤ ਸਿੰਘ ਮਾਛੀਵਾੜਾ, ਮਿੰਦਰ ਸਿੰਘ ਸੈਂਸੋਵਾਲ, ਕਰਮਜੀਤ ਸਿੰਘ ਮਾਛੀਵਾੜਾ, ਸੁਖਦੇਵ ਸਿੰਘ ਢੀਂਡਸਾ, ਹਰਪਾਲ ਸਿੰਘ ਗਹਿਲੇਵਾਲ ਆਦਿ ਤੋਂ ਇਲਾਵਾ ਦਰਜਨਾਂ ਦੀ ਗਿਣਤੀ ਵਿੱਚ ਕਿਸਾਨ ਰੋਸ ਧਰਨੇ ਵਿੱਚ ਸ਼ਾਮਲ ਹੋਏ।

# ਹੁਸਨਪ੍ਰੀਤ ਸਿਆਲਕਾ ਜਵਾਹਰ ਬਾਲ ਮੰਚ ਦੇ ਸਟੇਟ ਕੋਆਰਡੀਨੇਟਰ ਨਿਯੁਕਤ




**ਅੰਮ੍ਰਿਤਸਰ /ਰਾਜਾ ਕੋਟਲੀ**

ਕਾਂਗਰਸ ਪਾਰਟੀ ਵੱਲੋਂ ਜਵਾਹਰ ਬਾਲ ਮੰਚ ਦੀ ਨਵੀਂ ਇਕਾਈ ਦਾ ਗਠਨ ਕੀਤਾ ਗਿਆ ਹੈ।ਜਿਸ ਚੋਂ ਹਲਕਾ ਅਟਾਰੀ ਤੋਂ ਚੋਣ ਲੜ ਚੁੱਕੇ ਸ੍ਰ ਤਰਸੇਮ ਸਿੰਘ ਸਿਆਲਕਾ ਦੇ ਸਪੁੱਤਰ ਹੁਸਨਪ੍ਰੀਤ ਸਿੰਘ ਸਿਆਲਕਾ ਨੂੰ ਸਟੇਟ ਕੋਆਰਡੀਨੇਟਰ ਨਿਯੁਕਤ ਕੀਤਾ ਹੈ।ਇਸ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਹੁਸਨਪ੍ਰੀਤ ਸਿਆਲਕਾ ਨੇ ਕਿਹਾ ਕਿ ਕਾਂਗਰਸ ਪਾਰਟੀ ਹਮੇਸ਼ਾਂ ਹੀ ਮਿਹਨਤ ਕਰਨ ਵਾਲੇ ਵਰਕਰਾਂ ਨੂੰ ਵੱਡੇ ਅਹੁਦਿਆਂ ਦੇ ਕਿ ਨਿਵਾਜਦੀ ਹੈ।ਉਹਨਾਂ ਕਿਹਾ ਕਿ ਪਾਰਟੀ ਨੇ ਜੋ ਜ਼ਿੰਮੇਵਾਰੀ ਦਿੱਤੀ ਹੈ ਉਸ ਨੂੰ ਪੂਰੀ ਲਗਨ ਅਤੇ ਤਨਦੇਹੀ ਨਾਲ ਨਿਭਾਉਣਗੇ।ਉਨ੍ਹਾਂ ਕਿਹਾ ਕਿ ਉਹ ਦਿਨ ਰਾਤ ਇੱਕ ਕਰਕੇ ਪਾਰਟੀ ਦੀ ਮਜਬੂਤੀ ਲਈ ਕੰਮ ਕਰਨਗੇ।ਇਸ ਦੌਰਾਨ ਉਨ੍ਹਾਂ ਕਾਂਗਰਸ ਪ੍ਰਧਾਨ ਸ੍ਰੀਮਤੀ ਸੋਨੀਆ ਗਾਂਧੀ,ਰਾਹੁਲ ਗਾਂਧੀ, ਪੰਜਾਬ ਕਾਂਗਰਸ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ, ਸਾਬਕਾ ਪ੍ਰਧਾਨ ਨਵਜੋਤ ਸਿੰਘ ਸਿੱਧੂ,ਮੈਂਬਰ ਪਾਰਲੀਮੈਂਟ ਸ੍ਰ ਗੁਰਜੀਤ ਸਿੰਘ ਔਜਲਾ, ਜਵਾਹਰ ਬਾਲ ਮੰਚ ਦੇ ਨੈਸ਼ਨਲ ਚੈਅਰਮੈਨ ਡਾਕਟਰ ਜੀ. ਵੀ. ਹਰੀ, ਨੈਸ਼ਨਲ ਕੋਆਰਡੀਨੇਟਰ ਹਸਨ ਅਮਨ ਅਤੇ ਜਵਾਹਰ ਬਾਲ ਮੰਚ ਪੰਜਾਬ ਦੇ ਚੇਅਰਪਰਸਨ ਹਰਸਿਮਰਨ ਬਾਜਵਾ ਦਾ ਧੰਨਵਾਦ ਕੀਤਾ ।

# ਨਾਮ ਸਿਮਰਨ ਅਭਿਆਸ ਅੱਜ



**ਲੁਧਿਆਣਾ/ਲੋਕ ਬਾਣੀ**:- ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ, ਗੁਰੂ ਤੇਗ ਬਹਾਦਰ ਨਗਰ, ਗਲੀ ਨੰਬਰ 2, ਚੰਡੀਗੜ੍ਹ ਰੋਡ, ਲੁਧਿਆਣਾ ਵਿਖੇ ਹਫ਼ਤਾਵਾਰੀ ਨਾਮ ਸਿਮਰਨ ਅਭਿਆਸ 24 ਅਪ੍ਰੈਲ ਦਿਨ ਐਤਵਾਰ ਨੂੰ ਸ਼ਾਮ 7:30 ਵਜੇ ਤੋਂ 8:30 ਵਜੇ ਤੱਕ ਕਰਵਾਇਆ ਜਾ ਰਿਹਾ ਹੈ। ਗੁਰਦੁਆਰਾ ਸਾਹਿਬ ਦੇ ਪ੍ਰਧਾਨ ਕਰਨੈਲ ਸਿੰਘ ਤੇ ਖ਼ਜ਼ਾਨਚੀ ਸੁਰਜੀਤ ਸਿੰਘ ਖੁਰਾਣਾ ਵੱਲੋਂ ਸਮੂਹ ਗੁਰੂ ਨਾਨਕ ਨਾਮ ਲੇਵਾ ਸੰਗਤਾਂ ਨੂੰ ਵੱਧ ਤੋਂ ਵੱਧ ਹਾਜ਼ਰੀਆਂ ਭਰ ਕੇ ਆਪਣਾ ਜੀਵਨ ਸਫ਼ਲ ਕਰਨ ਲਈ ਬੇਨਤੀ ਕੀਤੀ ਜਾਂਦੀ ਹੈ।

# ਸਮਾਜ ਸੇਵੀ ਪਰਿਵਾਰ ਵੱਲੋਂ ਵਿਦਿਆਰਥੀਆਂ ਨੂੰ ਪੜ੍ਹਾਈ ਦਾ ਸਾਮਾਨ ਭੇਟ



**ਅੰਮ੍ਰਿਤਸਰ/ਰਾਜਾ ਕੋਟਲੀ**

ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਕੋਟਲੀ ਮੱਲੀਆਂ ਵਿਖੇ ਉੱਘੇ ਸਮਾਜ ਸੇਵੀ ਪਰਿਵਾਰ ਕੈਪਟਨ ਮੱਖਣ ਸਿੰਘ ਗੁਰਮੀਤ ਕੌਰ ਮਲਕੀਤ ਸਿੰਘ ਹਰਪਾਲ ਸਿੰਘ ਪ੍ਰਵੀਨ ਕੌਰ ਵਲੋਂ ਸਕੂਲ ਦੇ ਲੋੜਵੰਦ ਵਿਦਿਆਰਥੀਆਂ ਦੀ ਪੜ੍ਹਾਈ ਨੂੰ ਹੋਰ ਉੱਚਾ ਚੁੱਕਣ ਲਈ ਕਿਤਾਬਾਂ ਕਾਪੀਆਂ ਪੈੱਨ ਤੇ ਹੋਰ ਲੋੜੀਂਦਾ ਸਾਮਾਨ ਭੇਟ ਕੀਤਾ ਗਿਆ ।ਇਸ ਮੌਕੇ ਵਿਸ਼ੇਸ਼ ਤੌਰ ਤੇ ਪੁੱਜੇ ਜ਼ਿਲਾ ਰੋਜ਼ਗਾਰ ਅਫਸਰ ਵਿਕਰਮਜੀਤ ਸਿੰਘ ਗਿੱਲ ਕੈਰੀਅਰ ਕੌਂਸਲਰ ਗੌਰਵ ਕੁਮਾਰ ਵਲੋਂ ਬੱਚਿਆਂ ਨੂੰ ਆਪਣੇ ਜੀਵਨ ਬਾਰੇ ਜਾਣਕਾਰੀ ਦਿੱਤੀ ਅਤੇ ਦੱਸਿਆ ਕਿ ਭਵਿੱਖ ਵਿੱਚ ਪੜ੍ਹਾਈ ਦਾ ਕੀ ਮਹੱਤਵ ਹੈ।ਇਸ ਮੌਕੇ ਜ਼ਿਲ੍ਹਾ ਗਾਈਡੈਂਸ ਕੌਂਸਲਰ ਜਸਬੀਰ ਸਿੰਘ ਗਿੱਲ ਵੱਲੋਂ ਜਿਥੇ ਸਮਾਜਸੇਵੀ ਪਰਿਵਾਰਾਂ ਦਾ ਧੰਨਵਾਦ ਕੀਤਾ ਗਿਆ ਉਥੇ ਹੀ ਜ਼ਿਲਾ ਰੋਜ਼ਗਾਰ ਅਫਸਰ ਵਿਕਰਮ ਗਿੱਲ ਤੇ ਕੈਸ਼ੀਅਰ ਕੌਂਸਲਰ ਗੌਰਵ ਕੁਮਾਰ ਦਾ ਸਕੂਲ ਜੇ ਵਿਦਿਆਰਥੀਆਂ ਨੂੰ ਵਡਮੁੱਲੀ ਜਾਣਕਾਰੀ ਦੇਣ ਤੇ ਧੰਨਵਾਦ ਕੀਤਾ ਇਸ ਮੌਕੇ ਜੀ.ਉ.ਜੀ ਸੁਰਜੀਤ ਸਿੰਘ ਲਾਲੀ, ਸਰਪੰਚ ਕੁਲਵੰਤ ਸਿੰਘ, ਸਕੂਲ ਸਟਾਫ ਸ਼੍ਰੀਮਤੀ ਬਲਵਿੰਦਰ ਕੌਰ, ਗੁਰਦੇਵ ਕੌਰ,ਇੰਦੂ ਬਾਲਾ,ਗੋਲੂ ਰਾਣੀ,ਮਿਸ ਕਾਜਲ, ਮਿਸ ਰਮਨਦੀਪ ਕੌਰ,ਸੁਖਵੰਤ ਕੌਰ,ਅਮਨਦੀਪ ਕੌਰ,ਮਨਦੀਪ ਕੌਰ,ਸ੍ਰੀਮਤੀ ਅਰੀਤ,ਸ੍ਰੀ ਸਾਹਿਲ ਸ੍ਰੀਧਰ ਆਦਿ ਹਾਜ਼ਰ ਸਨ।

# ਮਯੰਕ ਫਾਊਂਡੇਸ਼ਨ ਨੇ ਆਰਮੀ ਖੇਤਰ ਵਿੱਚ ਬੂਟੇ ਲਗਾ ਕੇ ਮਨਾਇਆ ਵਿਸ਼ਵ ਧਰਤੀ ਦਿਵਸ



**ਫ਼ਿਰੋਜ਼ਪੁਰ/ਲੋਕ ਬਾਣੀ**

ਮਯੰਕ ਫਾਊਂਡੇਸ਼ਨ ਨੇ ਵਾਤਾਵਰਨ ਪ੍ਰਤੀ ਜਾਗਰੂਕਤਾ ਦਿਖਾਉਂਦੇ ਹੋਏ ਰੁੱਖ ਲਗਾ ਕੇ ਵਿਸ਼ਵ ਧਰਤੀ ਦਿਵਸ ਮਨਾਇਆ। ਜਿਸ ਵਿੱਚ ਸ਼ਹੀਦ ਭਗਤ ਸਿੰਘ ਐਨਕਲੇਵ, ਫਿਰੋਜ਼ਪੁਰ ਛਾਉਣੀ ਵਿੱਚ ਗੁਲਮੋਹਰ, ਅਸ਼ੋਕ, ਕਨੇਰ ਅਤੇ ਅਲੈਸਟੋਨੀਆ ਦੇ 100 ਬੂਟੇ ਲਗਾਏ ਗਏ। ਪ੍ਰੋਜੈਕਟ ਕੋਆਰਡੀਨੇਟਰ ਦੀਪਕ ਗਰੋਵਰ ਨੇ ਦੱਸਿਆ ਕਿ ਧਰਤੀ ਨੂੰ ਬਚਾਉਣ ਲਈ ਇਕੱਲੇ ਅਤੇ ਸਮੂਹਿਕ ਤੌਰ @ਤੇ ਯੋਗਦਾਨ ਪਾਉਣ ਦੇ ਕਈ ਤਰੀਕੇ ਹਨ। ਹਰ ਦਿਨ ਨੂੰ ਧਰਤੀ ਦਿਵਸ ਵਜੋਂ ਮੰਨਦੇ ਹੋਏ ਸਾਨੂੰ ਇਸ ਦੀ ਸੁਰੱਖਿਆ ਲਈ ਕੁਝ ਨਾ ਕੁਝ ਕਰਦੇ ਰਹਿਣਾ ਚਾਹੀਦਾ ਹੈ। ਪਰ ਜੇਕਰ ਆਪਣੇ ਰੁਝੇਵਿਆਂ ਵਿੱਚ ਰੁੱਝਿਆ ਮਨੁੱਖ ਵਿਸ਼ਵ ਧਰਤੀ ਦਿਵਸ ਵਾਲੇ ਦਿਨ ਥੋੜਾ ਜਿਹਾ ਯੋਗਦਾਨ ਪਾਵੇ ਤਾਂ ਧਰਤੀ ਪ੍ਰਤੀ ਅਪਣਾ ਫ਼ਰਜ ਨਿਭਾ ਸਕਦਾ ਹੈ। ਵਰਨਣਯੋਗ ਹੈ ਕਿ ਮਯੰਕ ਫਾਊਂਡੇਸ਼ਨ ਹਰ ਸਾਲ ਵਾਤਾਵਰਨ ਨੂੰ ਸ਼ੁੱਧ ਅਤੇ ਸੁਰੱਖਿਅਤ ਰੱਖਣ ਲਈ ਯਤਨ ਕਰਦੀ ਹੈ। ਇਸੇ ਕੜੀ ਵਿੱਚ ਫਾਊਂਡੇਸ਼ਨ ਵੱਲੋਂ ਹਰ ਸਾਲ @ਈਚ ਵਨ ਪਲਾਂਟ ਵਨ@ ਨਾਂ ਦੀ ਬੂਟੇ ਲਗਾਉਣ ਦੀ ਮੁਹਿੰਮ ਵੀ ਚਲਾਈ ਜਾਂਦੀ ਹੈ, ਜਿਸ ਵਿੱਚ ਫਾਊਂਡੇਸ਼ਨ ਵੱਲੋਂ ਜੰਗਲਾਤ ਵਿਭਾਗ ਦੇ ਸਹਿਯੋਗ ਨਾਲ ਵ ੱਖ - ਵ ੱਖ ਥਾਵਾਂ @ਤੇ ਪੌਦੇ ਲਗਾਉਣ ਦੇ ਪ੍ਰੋਗਰਾਮ ਕਰਵਾਏ ਜਾਂਦੇ ਹਨ ਅਤੇ ਲੋਕਾਂ ਨੂੰ ਪੌਦੇ ਲਗਾਉਣ ਅਤੇ ਉਨ੍ਹਾਂ ਦੀ ਸੰਭਾਲ ਕਰਨ ਲਈ ਵੀ ਪ੍ਰੇਰਿਤ ਕੀਤਾ ਜਾਂਦਾ ਹੈ। .ਇਸ ਮੌਕੇ ਮਯੰਕ ਫਾਊਂਡੇਸ਼ਨ ਨੇ ਫੌਜੀ ਅਧਿਕਾਰੀਆਂ ਦੇ ਪਰਿਵਾਰਾਂ ਅਤੇ ਮਹਿਲਾ ਵਿੰਗ ਤੋਂ ਪ੍ਰੋ: ਸਪਨਾ ਬਧਵਾਰ, ਰੇਣੂ ਸ਼ਰਮਾ, ਵਿਨੀਤਾ ਮਹਿਤਾ, ਆਸ਼ਿਮਾ ਗਰੋਵਰ, ਸੁਖਵਿੰਦਰ ਕੌਰ ਅਤੇ ਹੋਰ ਮੈਂਬਰਾਂ ਦੇ ਸਹਿਯੋਗ ਨਾਲ ਬੂਟੇ ਲਗਾਏ।